ਨਾ ਕੋ ਹਿੰਦੂ ਨਾ ਮੁਸਲਮਾਨ

ਲੇਖਕ

ਡਾ: ਵਿਸ਼ਵਾਨਾਥ ਤਿਵਾੜੀ

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ

ਚੰਡੀਗੜ੍ਹ

ਪ੍ਰਕਾਸ਼ਕ

ਬਾਲ ਕ੍ਰਿਸ਼ਨ, ਐਮ. ਏ., ਸਕੱਤਰ

ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਓਰੋ, ਚੰਡੀਗੜ੍ਹ

ਪਹਿਲੀ ਵਾਰ

ਨਵੰਬਰ ੧੯੭੧

ਕੀਮਤ

ਪੰਜਾਹ ਪੈਸੇ

ਛਾਪਕ

ਨੈਸ਼ਨਲ ਪ੍ਰੈਸ ਆਫ ਇੰਡੀਆ, ਚਾਂਦਨੀ ਚੌਕ, ਦਿੱਲੀ ੬

ਮੁਖ-ਸ਼ਬਦ

ਗੁਰੂ ਨਾਨਕ ਦੇਵ ਜੀ ਦਾ ਦੁਨੀਆਂ ਦੇ ਸੰਤਾਂ, ਮਹਾਤਮਾ ਅਤੇ ਅਧਿਆਤਮਕ ਪੁਰਸ਼ਾਂ ਵਿਚ ਇਕ ਵਿਸ਼ੇਸ਼ ਸਥਾਨ ਹੈ। ਉਹ ਇਕ ਮਹਾਨ ਕਵੀ ਤੇ ਇਸ ਦੇ ਨਾਲ ਹੀ ਲੋਕ-ਭਾਵੀ ਸਮਾਜ ਸੁਧਾਰਕ ਸਨ। ਉਨ੍ਹਾਂ ਨੇ ਅਜੇਹੇ ਮਨੁੱਖੀ ਸਮਾਜ ਦੀ ਕਲਪਨਾ ਕੀਤੀ ਜਿਸ ਵਿਚ ਕਿਸੇ ਕਿਸਮ ਦੇ ਵੀ ਭੇਦ ਭਾਵ ਨਹੀਂ ਹੋਣਗੇ, ਨਾ ਹੀ ਕੋਈ ਜ਼ਾਤ, ਨਸਲ ਜਾਂ ਕੌਮ ਦੀਆਂ ਵੰਡਾਂ ਹੋਣਗੀਆਂ, ਸਗੋਂ ਸਮਾਜ, ਪਿਆਰ, ਸਾਂਝੀ ਵਾਲਤਾ ਅਤੇ ਵਿਸ਼ਵ ਭਾਈਚਾਰੇ ਵਿਚ ਬੰਨ੍ਹਿਆ ਹੋਵੇਗਾ। ਉਨ੍ਹਾਂ ਨੇ ਮਨੁੱਖੀ ਸਮਾਜ ਦੀ ਗਿਰਾਵਟ ਦੇ ਕਾਰਨ, ਪਖੰਡ, ਅੰਧਵਿਸ਼ਵਾਸ਼, ਪਰੰਪਰਾਵਾਦ, ਅਸਹਿਣ-ਸ਼ੀਲਤਾ ਅਤੇ ਕਰਮ-ਕਾਂਡ ਨੂੰ ਦਸਿਆ। ਉਨ੍ਹਾਂ ਦੇ ਖ਼ਿਆਲ ਅਨੁਸਾਰ ਅਸਲ ਧਰਮ ਉਹ ਹੈ ਜੋ ਮਨੁੱਖੀ ਆਤਮਾ ਨੂੰ ਜ਼ੰਜ਼ੀਰਾਂ ਵਿਚ ਕੈਦ ਨਹੀਂ ਕਰਦਾ, ਸਗੋਂ ਮਨੁੱਖੀ ਆਤਮਾ ਨੂੰ ਚਾਨਣ ਦੇ ਕੇ ਮਹਾਨ ਬਣਾਉਂਦਾ ਹੈ।

ਮਹਾਨ ਗੁਰੂ ਨੇ ਆਪਣਾ ਸਾਰਾ ਜੀਵਨ ਆਪਣੇ ਸੰਕਲਪ ਅਤੇ ਆਦਰਸ਼ਾਂ ਦੇ ਅਨੁਸਾਰ ਮਨੁੱਖੀ ਸਮਾਜ ਦੀ ਪੁਨਰ ਉਸਾਰੀ ਨੂੰ ਅਰਪਿਆ। ਇਸ ਬਾਰੇ ਵਿਚਾਰ ਵੀ ਕੀਤਾ ਤੇ ਇਸ ਤੇ ਅਮਲ ਵੀ ਕੀਤਾ।

ਗੁਰੂ ਨਾਨਕ ਨੇ ਹਜ਼ਾਰਾਂ ਲੋਕਾਂ ਦੀ ਜ਼ਮੀਰ ਤੇ ਮਨ ਨੂੰ ਕੇਵਲ ਆਪਣੇ ਜੀਵਨ ਸਮੇਂ ਵਿਚ ਹੀ ਨਹੀਂ ਝੰਜੋੜਿਆ, ਸਗੋਂ ਲੱਖਾਂ ਹੀ ਲੋਕਾਂ ਤੇ ਪਿਛਲੇ ਪੰਜ ਸੌ ਸਾਲਾਂ ਵਿਚ ਡੂੰਘਾ ਪ੍ਰਭਾਵ ਪਾਇਆ। ਉਨ੍ਹਾਂ ਦੇ ਉਪਦੇਸ਼ ਕਈ ਪੀੜ੍ਹੀਆਂ ਲਈ ਪ੍ਰੇਰਨਾ ਦਾ ਮੂਲ ਸੋਮਾ ਰਹੇ ਹਨ।

ਇਹ ਗਲ ਬਹੁਤ ਢੁਕਦੀ ਸੀ ਕਿ ਸਮੁੱਚਾ ਵਿਸ਼ਵ ਤੇ ਖਾਸ ਕਰਕੇ ਭਾਰਤ ਗੁਰੂ ਨਾਨਕ ਦੀ ਪੰਜ ਸੌ ਸਾਲਾ ਜਨਮ ਸ਼ਤਾਬਦੀ (੧੯੬੯ ਵਿਚ) ਬੜੇ ਯੋਗ ਢੰਗ ਨਾਲ ਮਨਾਏ ਅਤੇ ਮਨੁੱਖਤਾ ਦੀ ਏਨੀ ਮਹਾਨ ਸੇਵਾ ਕਰਨ ਵਾਲੇ ਗੁਰੂ ਪ੍ਰਤੀ ਆਪਣੀ ਸ਼ਰਧਾ ਭੇਟ ਕਰੇ।

ਬੁੱਧੀ ਜੀਵਾਂ, ਕਵੀਆਂ ਅਤੇ ਲੇਖਕਾਂ ਨੇ ਗੁਰੂ ਨਾਨਕ ਦੀ ਕਲਾ ਤੇ ਪ੍ਰਾਪਤੀਆਂ ਬਾਰੇ ਕਈ ਵਿਸ਼ੇਸ਼ ਪਹਿਲੂ, ਰੌਸ਼ਨੀ ਵਿਚ ਲਿਆਂਦੇ ਅਤੇ ਉਹਨਾਂ ਦੇ ਜੀਵਨ, ਉਪਦੇਸ਼ਾਂ ਅਤੇ ਬਾਣੀ ਬਾਰੇ ਕਿੰਨਾ ਹੀ ਪ੍ਰਭਾਵਸ਼ਾਲੀ ਸਾਹਿਤ ਪ੍ਰਕਾਸ਼ਤ ਕੀਤਾ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਵੀ ਗੁਰੂ ਨਾਨਕ ਦੀ ਵਿਦਵਤਾ ਬਾਰੇ ਇਸ ਮੌਕੇ ਤੇ ੯ ਪੁਸਤਕਾਂ ਪ੍ਰਕਾਸ਼ਤ ਕਰਕੇ ਆਪਣਾ ਯੋਗ ਹਿਸਾ ਪਾਇਆ।

ਫਿਰ ਵੀ ਪੰਜਾਬ ਵਿਚ ਗੁਰੂ ਨਾਨਕ ਜਨਮ ਸ਼ਤਾਬਦੀ ਮਨਾਉਣ ਵਾਲੀ ਕਮੇਟੀ ਦੀ ਉਪ ਕਮੇਟੀ ਨੇ ਮਹਿਸੂਸ ਕੀਤਾ ਕਿ ਗੁਰੂ ਨਾਨਕ ਦੇ ਜੀਵਨ, ਪ੍ਰਾਪਤੀਆਂ ਅਤੇ

ਉਪਦੇਸ਼ਾਂ ਬਾਰੇ ਇਕ ਅਜੇਹੀ ਸੰਖੇਪ ਪੁਸਤਕ ਪ੍ਰਕਾਸ਼ਤ ਹੋਣੀ ਚਾਹੀਦੀ ਹੈ ਜਿਸ ਵਿਚ ਸਾਰੀਆਂ ਗੱਲਾਂ ਇਕੱਠੀਆਂ ਹੋ ਸਕਣ ਤੇ ਇਹ ਪੁਸਤਕ ਵਿਸ਼ੇਸ਼ ਕਰਕੇ ਸਾਡੇ ਨੌਜਵਾਨਾਂ ਲਈ ਤਿੰਨ ਬੋਲੀਆਂ, ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਪ੍ਰਕਾਸ਼ਤ ਕੀਤੀ ਜਾਵੇ ਤੇ ਸਸਤੇ ਮੁਲ ਤੇ ਵੇਚੀ ਜਾਵੇ।

ਇਹ ਸਾਡੇ ਲਈ ਮਾਣ ਦੀ ਗਲ ਹੈ ਕਿ ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਦਾ ਕੰਮ ਜਨਮ ਸ਼ਤਾਬਦੀ ਮਨਾਉਣ ਵਾਲੀ ਕਮੇਟੀ ਵਲੋਂ ਪੰਜਾਬ ਯੂਨੀਵਰਸਿਟੀ ਨੂੰ ਸੌਂਪਿਆ ਗਿਆ ਅਤੇ ਇਹ ਪੁਸਤਕ ਲਿਖਣ ਲਈ ਡਾ: ਵਿਸ਼ਵਾ ਨਾਥ ਤਿਵਾੜੀ, ਰੀਡਰ ਪੰਜਾਬੀ ਵਿਭਾਗ ਨੂੰ ਆਖਿਆ ਗਿਆ। ਪੰਜਾਬ ਸਰਕਾਰ ਨੇ ਯੂਨੀਵਰਸਿਟੀ ਨੂੰ ਇਸ ਮੰਤਵ ਲਈ ੨੦,੦੦੦ ਰੁਪੈ ਦੀ ਗਰਾਂਟ ਵੀ ਦਿੱਤੀ।

ਮੈਂ ਇਸ ਪੁਸਤਕ ਦੇ ਖਰੜੇ ਨੂੰ ਪੜ੍ਹਿਆ ਹੈ ਤੇ ਮੈਂ ਇਹ ਕਹਿਣ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ ਲੇਖਕ ਨੇ ਗੁਰੂ ਨਾਨਕ ਦੇ ਜੀਵਨ ਨੂੰ ਬੜੀ ਭਾਵ-ਪੂਰਤ ਤੇ ਸੰਜਮ ਭਰੀ ਸ਼ੈਲੀ ਵਿਚ ਲਿਖਿਆ ਹੈ। ਉਸਨੇ ਸੰਖੇਪ ਵਿਚ ਅਜੇਹੀਆਂ ਵਿਸ਼ੇਸ਼ ਗੱਲਾਂ ਸਾਹਮਣੇ ਲਿਆਂਦੀਆਂ ਹਨ, ਜਿਨ੍ਹਾਂ ਦਾ ਬਹੁਤ ਵਿਸਥਾਰ ਹੋ ਸਕਦਾ ਹੈ ਜਿਵੇਂ, ਕਿਸੇ ਸੰਖੇਪ ਚਿਤਰ ਦੇ ਛੋਟੇ ਕੈਨਵਸ ਤੇ ਬਹੁਤ ਗੱਲਾਂ ਪ੍ਰਗਟ ਹੋਣ। ਲੇਖਕ ਦੀ ਸ਼ੈਲੀ ਦਾ ਖ਼ਾਸ ਗੁਣ ਉਸ ਦੀ ਸਾਦਗੀ ਅਤੇ ਭਾਵਾਂ ਦੀ ਸ਼ਪਸ਼ਟਤਾ ਹੈ। ਇਸ ਪੁਸਤਕ ਦੀ ਸਭ ਤੋਂ ਵਿਸ਼ੇਸ਼ ਗੱਲ ਇਹ ਹੈ ਕਿ ਲੇਖਕ ਨੇ ਗੁਰੂ ਨਾਨਕ ਦੇ ਉਪਦੇਸ਼ਾਂ ਅਤੇ ਸੰਦੇਸ਼ ਦਾ ਵਰਤਮਾਨ ਸਮੇਂ ਦੀਆਂ ਸਥਿਤੀਆਂ ਅਨੁਸਾਰ ਪੁਨਰ ਮੁਲਿਅੰਕਣ ਕਰਨ ਦਾ ਯਤਨ ਕੀਤਾ ਹੈ ਤੇ ਇਹ ਸਪਸ਼ਟ ਕੀਤਾ ਹੈ ਕਿ ਇਹ ਅਜੇ ਵੀ ਉਨੇ ਹੀ ਢੁਕਦੇ ਹਨ ਜਿੰਨੇ ਪੰਜ ਸੌ ਸਾਲ ਪਹਿਲਾਂ ਸਨ। ਅਸਲ ਵਿਚ ਇਹ ਸਭ ਦੇਸ਼ਾਂ ਅਤੇ ਸਭ ਸਮਿਆਂ ਦੀ ਕਸਵੱਟੀ ਤੇ ਪੂਰੇ ਉਤਰਦੇ ਹਨ।

ਗੁਰੂ ਨਾਨਕ ਦੇ ਕੁਝ ਚੋਣਵੇ ਉਪਦੇਸ਼ ਇਸ ਪੁਸਤਕ ਦੇ ਅੰਤਲੇ ਅਧਿਆਇ ਵਿਚ ਬੜੇ ਵਿਚਾਰ ਭਰੇ ਢੰਗ ਨਾਲ ਦਿੱਤੇ ਗਏ ਹਨ। ਅਸੀਂ ਇਹ ਉਮੀਦ ਕਰਦੇ ਹਾਂ ਕਿ ਪਾਠਕ ਜਦੋਂ ਆਪਣੇ ਆਲੇ ਦੁਆਲੇ ਦੀ ਉਦਾਸੀ ਵਿਚ ਘਿਰਿਆ ਮਹਿਸੂਸ ਕਰੇਗਾ ਤਾਂ ਉਹ ਇਨ੍ਹਾਂ ਨੂੰ ਆਪਣੇ ਮਨ ਵਿਚ ਧਾਰਨ ਕਰਕੇ ਇਨ੍ਹਾਂ ਤੋਂ ਇਕ ਨਵੀਂ ਪ੍ਰੇਰਨਾ ਲਵੇਗਾ।

ਮੈਂ ਪੰਜਾਬ ਸਰਕਾਰ ਦਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਦੀ ਸੇਵਾ ਸਾਡੀ ਯੂਨੀਵਰਸਿਟੀ ਨੂੰ ਸੌਂਪੀ। ਮੈਂ ਸਰਦਾਰ ਕਪੂਰ ਸਿੰਘ ਸਾਬਕ ਆਈ. ਸੀ. ਐਸ. ਦਾ ਵੀ ਧੰਨਵਾਦੀ ਹਾਂ ਕਿ ਉਹਨਾਂ ਨੇ ਇਸ ਪੁਸਤਕ ਦੇ ਖਰੜੇ ਪੜ੍ਹ ਕੇ ਯੋਗ ਸਲਾਹਾਂ ਦਿੱਤੀਆਂ।

ਸੂਰਜ ਭਾਨ
ਵਾਈਸ ਚਾਂਸਲਰ

ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।
ਮਿਤੀ ੨.੧੧.੧੯੭੧,

ਦੋ ਸ਼ਬਦ

ਗੁਰੂ ਨਾਨਕ ਦੇਵ ਜੀ ਦਾ ਜੀਵਨ ਅਤੇ ਬਾਣੀ ਸਾਡੇ ਲਈ ਉਤਸ਼ਾਹ ਅਤੇ ਪਰੇਰਨਾ ਦਾ ਸੋਮਾ ਹਨ। ਉਨ੍ਹਾਂ ਹਰ ਪਰਕਾਰ ਦੇ ਸ਼ੋਸ਼ਣ ਦਾ ਵਿਰੋਧ ਕੀਤਾ। ਜ਼ਾਤ ਪਾਤ ਦੇ ਕਾਨੂੰਨ ਨੂੰ ਭੰਡਿਆ; ਭੇਖ ਨੂੰ ਨਿੰਦਿਆ; ਹਿੰਦੂ ਮੁਸਲਮ ਏਕਤਾ ਤੇ ਜ਼ੋਰ ਦਿੱਤਾ, ਮਾਨਵਵਾਦ ਦਾ ਨਾਹਰਾ ਲਾਇਆ। ਮਨੁਖ ਮਨੁਖ ਵਿਚਕਾਰ ਪਾਈਆਂ ਵੰਡਾਂ ਨੂੰ ਭੰਡਿਆ। ਉਨ੍ਹਾਂ ਵਿਅਕਤੀ ਨੂੰ ਗੁਰਮੁਖ ਬਨਣ ਲਈ ਪਰੇਰਨਾ ਦਿਡੀ। ਉਨ੍ਹਾਂ ਦਾ ਵਿਚਾਰ ਸੀ ਕਿ ਜੇ ਵਿਅਕਤੀ ਆਪਣਾ ਆਪਣਾ ਸੁਧਾਰ ਕਰਨ ਤਾਂ ਸਮਾਜ ਆਪਣੇ ਆਪ ਸੁਧਰ ਜਾਵੇਗਾ।

ਮੈਂ ਰਿਣੀ ਹਾਂ ਪੰਜਾਬ ਸਰਕਾਰ ਦਾ, ਜਿਸ ਨੇ ਗੁਰੂ ਨਾਨਕ ਦੇਵ ਜੀ ਸੰਬੰਧੀ ਲਿਖਣ ਦਾ ਮੈਨੂੰ ਅਵਸਰ ਦਿੱਤਾ।

ਮੈਂ ਹਾਰਦਿਕ ਧੰਨਵਾਦੀ ਹਾਂ ਸਤਿਕਾਰ ਯੋਗ ਪਦਮ ਭੂਸ਼ਨ ਸ੍ਰੀ ਸੂਰਜ ਭਾਨ ਜੀ ਵਾਈਸਚਾਂਸਲਰ, ਪੰਜਾਬ ਯੂਨੀਵਰਸਿਟੀ ਦਾ, ਜਿਨ੍ਹਾਂ ਪੁਸਤਕ ਲਈ ਹੱਲਾ-ਸ਼ੇਰੀ ਦਿੱਤੀ ਅਤੇ ਬੜੇ ਕੀਮਤੀ ਸੁਝਾ ਦਿੱਤੇ।

ਸ੍ਰੀ ਬਾਲ ਕ੍ਰਿਸ਼ਨ ਜੀ, ਸੈਕਰਟਰੀ ਪਬਲੀਕੇਸ਼ਨ ਬਿਓਰੋ ਦਾ, ਜਿਨ੍ਹਾਂ ਪੁਸਤਕ ਨੂੰ ਸੁੰਦਰ ਬਨਾਉਣ ਦਾ ਹਰ ਜਤਨ ਕੀਤਾ। ਉਨ੍ਹਾਂ ਦੀ ਨਿਜੀ ਦਿਲਚਸਪੀ ਤੋਂ ਬਿਨਾਂ ਪੁਸਤਕ ਦਾ ਅਜਿਹਾ ਸੁੰਦਰ ਰੂਪ ਨਹੀਂ ਸੀ ਬਨਣਾ।

ਪਾਠਕਾਂ ਦੇ ਸੁਝਾ ਮੇਰੀ ਅਗਵਾਈ ਕਰਨਗੇ।

ਤਿਵਾੜੀ

ਪੰਜਾਬ ਯੂਨੀਵਰਸਿਟੀ,
ਚੰਡੀਗੜ੍ਹ।
ਨਵੰਬਰ ੨, ੧੯੭੧.



੧
ਤਲਵੰਡੀ

ਗੁਰੂ ਨਾਨਕ ਦੇਵ ਜੀ ਦਾ ਜਨਮ ੧੫ ਅਪਰੈਲ ੧੪੬੯ ਨੂੰ ਤਲਵੰਡੀ ਭੁਇ (ਨਨਕਾਣਾ ਸਾਹਿਬ) ਪਿੰਡ ਵਿਚ ਹੋਇਆ। ਮਾਂ ਤਰਿਪਤਾ, ਪਿਤਾ ਮਹਿਤਾ ਕਾਲੂ ਅਤੇ ਵੱਡੀ ਭੈਣ ਨਾਨਕੀ ਦਾ ਲਾਡਲਾ ਨਾਨਕ ਸਾਰਿਆਂ ਨੂੰ ਹੀ ਬੜਾ ਪਿਆਰਾ ਲਗਦਾ ਸੀ।

ਮਹਿਤਾ ਕਾਲੂ, ਰਾਏ ਬੁਲਾਰ, ਜਿਹੜਾ ਕਿ ਤਲਵੰਡੀ ਭੁਇ ਦੇ ਆਲੇ ਦੁਆਲੇ ਦੇ ਪਿੰਡਾਂ ਦੀ ਜ਼ਮੀਨ ਦਾ ਮਾਲਕ ਸੀ, ਦੇ ਪਟਵਾਰੀ ਸਨ। ਲੋਕਾਂ ਵਿਚ ਉਨ੍ਹਾਂ ਦਾ ਦਬਦਬਾ ਭੀ ਸੀ ਤੇ ਸਤਿਕਾਰ ਭੀ। ਮਾਤਾ ਤਰਿਪਤਾ ਭਲੇ ਸੁਭਾ ਦੀ ਸੀ। ਮਹਿਤਾ ਕਾਲੂ ਸਿਆਣਾ ਦੁਨੀਆਦਾਰ ਸੀ ਅਤੇ ਨਾਨਕ ਨੂੰ ਪਰੰਪਰਾ ਉਤੇ ਚਲਾਉਣਾ ਚਾਹੁੰਦਾ ਸੀ। ਉਸ ਦੀ ਇਹ ਆਸ ਪੂਰੀ ਨਾ ਹੋਈ। ਨਾਨਕ ਨਾਨਕਿਆਂ ਤੇ ਦਾਦਕਿਆਂ ਦੀ ਮਹਾਨਤਾ ਕਾਰਨ ਗੁਰੂ ਨਾਨਕ ਨਹੀਂ ਬਣੇ ਸਗੋਂ ਆਪਣੇ ਗੁਣਾਂ, ਪਰਾਪਤੀਆਂ ਕਰ ਕੇ ਅਮਰ ਹੋਏ ਹਨ। ਉਹ ਜਨਮ-ਸਿੱਧ ਮਹਾਨ ਆਤਮਾ ਸਨ।

ਹੋਣਹਾਰ ਬਿਰਵਾਨ ਦੇ ਚਿਕਨੇ ਚਿਕਨੇ ਪਾਤ। ਜਨਮ ਸਮੇਂ, ਅਵੱਸ਼ ਹੀ ਬੱਚੇ ਦੇ ਰੋਣ ਦੀ ਅਵਾਜ਼ ਆਉਂਦੀ ਹੈ ਪਰ ਨਾਨਕ ਦੇ ਜਨਮ ਸਮੇਂ ਸਿਆਣੇ ਆਦਮੀ ਦੇ ਹਾਸੇ ਵਾਲੀ ਆਵਾਜ਼ ਸੁਣੀ ਗਈ। ਨਾਨਕ ਨੇ ਮਹਿਤਾ ਕਾਲੂ ਅਤੇ ਤਰਿਪਤਾ ਦੇ ਸੰਬੰਧਾਂ ਵਿਚ ਵੀ ਖੇੜਾ ਲਿਆ ਦਿਤਾ, ਖੁਸ਼ਬੂ ਭਰ ਦਿਤੀ। ਗੁਆਂਢੀ ਸੱਯਦ ਦੇ ਘਰ ਕੋਈ ਬੱਚਾ ਨਹੀਂ ਸੀ, ਇਸ ਲਈ ਉਸਨੇ ਵੀ ਉਸਨੂੰ ਬਹੁਤ ਹੀ ਪਿਆਰ ਕੀਤਾ। ਹਿੰਦੂ ਘਰਾਣੇ ਦਾ ਜਨਮ ਕਾਰਣ ਪ੍ਰਭਾਵ ਸੀ ਤੇ ਪਿਆਰ ਕਰਨ ਵਾਲੇ ਗੁਆਂਢੀ ਦਾ ਮੁਸਲਮਾਨੀ ਪ੍ਰਭਾਵ ਪਿਆ। ਖੁਲ੍ਹੇ ਵਾਯੂ ਮੰਡਲ ਅਤੇ ਖੁਲ੍ਹੇ ਵਿਚਾਰ ਵਿਚ ਨਾਨਕ ਦਾ ਬਚਪਨ ਬੀਤਿਆ ਜਿਸ ਨੇ ਉਸਦੇ ਵਿਚਾਰਾਂ ਨੂੰ ਖੁਲ੍ਹਾ ਖੁਲ੍ਹਾ ਹੀ ਰਖਿਆ। ਉਹ ਤੰਗ ਦਿਲੀ ਦੇ ਕਟੜਤਾ ਤੋਂ ਦੂਰ ਹੁੰਦਾ ਚਲਾ ਗਿਆ ਤੇ ਸੱਚ

ਦਾ ਆਸ਼ਕ ਬਣ ਗਿਆ। ਜਿਵੇਂ ਉਹ ਹਿੰਦੂ ਦੇਵਤਿਆਂ ਦਾ ਸਤਿਕਾਰ ਕਰਦਾ ਸੀ ਉਸੇ ਤਰ੍ਹਾਂ ਉਹ ਮੁਸਲਮ ਪੈਗੰਬਰਾਂ ਦੀ ਇੱਜ਼ਤ ਕਰਨ ਲਗਿਆ। ਭਗਵਾਨ ਦਾ ਨਾਂ ਲੈਣਾ ਜੇ ਉਸਨੂੰ ਚੰਗਾ ਲਗਦਾ ਸੀ ਤਾਂ ਅੱਲ੍ਹਾ ਦੇ ਨਾਂ ਵਿਚ ਉਸਨੂੰ ਅਨੰਦ ਆਉਂਦਾ ਸੀ।

ਹਰ ਬਾਲਕ ਨੂੰ ਖੇਡਾਂ ਦਾ ਸ਼ੌਕ ਹੁੰਦਾ ਹੈ। ਦੋਸਤਾਂ ਦਾ ਪਰਭਾਵ ਜੇ ਸਾਡੇ ਉਤੇ ਪੈਂਦਾ ਹੈ ਤਾਂ ਸਾਡਾ ਪਰਭਾਵ ਵੀ ਦੋਸਤਾਂ ਤੇ ਪੈ ਸਕਦਾ ਹੈ। ਸਾਖੀ ਪ੍ਰਸਿਧ ਹੈ ਕਿ ਨਾਨਕ ਨੇ ਆਪਣੇ ਦੋਸਤਾਂ ਨੂੰ ਉਹ ਖੇਡਾਂ ਖਿਡਾਉਣੀਆਂ ਸ਼ੁਰੂ ਕਰ ਦਿਤੀਆਂ ਜਿਨ੍ਹਾਂ ਨਾਲ ਰੱਬ ਦੀ ਹੋਂਦ ਦਾ ਅਹਿਸਾਸ ਹੁੰਦਾ ਸੀ।

ਪੰਜ ਸਾਲ ਦੇ ਨਾਨਕ ਨੂੰ ਪਹਿਲਾਂ ਗੋਪਾਲ ਪਾਂਧੇ ਕੋਲ ਪੜ੍ਹਨ ਪਾਇਆ ਗਿਆ। ਉਹ ਪਾਠਸ਼ਾਲਾ ਵਿਚ ਲਗ ਭਗ ਦੋ ਸਾਲ ਗਿਆ। ਕਦੇ ਹਾਜ਼ਰ, ਕਦੇ ਗੈਰ ਹਾਜ਼ਰ। ਗ਼ੈਰਹਾਜ਼ਰੀ ਸਮੇਂ ਉਹ ਹਾਣੀਆਂ ਵਿਚ ਨਹੀਂ ਸੀ ਹੁੰਦਾ, ਨਾ ਖੇਡਣ ਲਈ ਪਾਠਸ਼ਾਲਾ ਤੋਂ ਭਜਦਾ ਸੀ, ਨਾ ਪੜ੍ਹਾਈ ਤੋਂ ਦੁਖੀ ਹੋ ਕੇ ਤੇ ਨਾ ਪਾਂਧੇ ਦੀ ਮਾਰ ਤੋਂ ਡਰਦਾ। ਉਹ ਪਾਠਸ਼ਾਲਾ ਤੋਂ ਭੱਜ ਗੁਆਂਢੀ ਸਯੱਦ ਹੁਸੈਨ ਕੋਲ ਜਾਂਦਾ ਜਿਹੜਾ ਜੰਗਲਾਂ ਵਿਚ ਸਾਧੂਆਂ ਤੇ ਫਕੀਰਾਂ ਦੀ ਸੰਗਤ ਵਿਚ ਹੁੰਦਾ। ਨਾਨਕ ਸੱਯਦ ਦੀ ਗੋਦੀ ਵਿਚ ਬੈਠ ਉਨ੍ਹਾਂ ਦੀਆਂ ਗੱਲਾਂ ਸੁਣਦਾ ਰਹਿੰਦਾ। ਉਨ੍ਹਾਂ ਦੇ ਤਜਰਬੇ ਦਿਲਚਸਪ ਲਗਦੇ ਤੇ ਉਨ੍ਹਾਂ ਦਾ ਰਾਹ ਦੁਨਿਆਵੀ ਰਾਹ ਨਾਲੋਂ ਨਾਨਕ ਨੂੰ ਵਧੇਰੇ ਪ੍ਰਭਾਵਤ ਕਰਦਾ। ਉਹ ਪੜ੍ਹਨ ਤੇ ਲਿਖਣ ਦੇ ਢੰਗ ਨੂੰ ਸਿਖਣਾ ਵਿਦਿਆ ਨਹੀਂ ਸੀ ਸਮਝਦਾ। ਉਹ ਅਖਰੀ ਵਿਦਿਆ ਦੇ ਨਹੀਂ, ਅਧਿਆਤਮਕ ਅਤੇ ਅਸਲੀ ਵਿਦਿਆ ਦੇ ਹੱਕ ਵਿਚ ਸੀ। ਮਹਿਤਾ ਕਾਲੂ ਲਈ ਅੱਖਰੀ ਵਿਦਿਆ ਹੀ ਸਭ ਕੁਝ ਸੀ, ਜਿਸ ਨੂੰ ਪ੍ਰਾਪਤ ਕਰਕੇ ਨਾਨਕ ਵੀ ਉਸ ਵਾਂਗ ਹੀ ਇਜ਼ੱਤਦਾਰ ਤੇ ਕਮਾਊ ਹੋ ਜਾਂਦਾ। ਪਿਤਾ ਦੀ ਰੀਝ ਹੋਰ ਸੀ, ਪੁੱਤਰ ਦਾ ਰਾਹ ਹੋਰ ਹੁੰਦਾ ਜਾ ਰਿਹਾ ਸੀ। ਪਿਤਾ ਨੂੰ ਨਾਨਕ ਦੀਆਂ ਰੁਚੀਆਂ ਪਸੰਦ ਨਹੀਂ ਸਨ। ਉਸ ਨੇ ਸਮਝਾਇਆ, ਰੋਕਿਆ ਪਰ ਜਦ ਨਾਨਕ ਨਾ ਰੁਕਿਆ ਤਾਂ ਪਿਤਾ ਨੇ ਪਾਠਸ਼ਾਲਾ ਛੁਡਵਾ ਦਿਤੀ। ਸੋਚਿਆ ਕਿ ਉਸਨੂੰ ਘਰ ਦੇ ਕੰਮਾਂ ਵਿਚ ਲਾਇਆ ਜਾਵੇ ਤਾਂ ਜੋ ਇਸ ਦੀ ਦਿਲਚਸਪੀ ਦੁਨੀਆਂਦਾਰੀ ਵਲ ਮੁੜ ਆਵੇ। ਮੱਝਾਂ ਚਰਾਣ ਦੇ ਰੁਝੇਵੇਂ ਵਿਚ ਲਾਇਆ ਗਇਆ। ਉਹ ਖੇਤਾਂ ਵਿਚ ਜਾਂਦਾ ਪਰ ਗਾਇਬ ਹੋ ਜਾਂਦਾ ਤੇ ਲਭਦਾ ਫੇਰ ਜੰਗਲ ਵਿਚੋਂ, ਸਾਧੂਆਂ ਤੇ ਫਕੀਰਾਂ ਦੀ ਸੰਗਤ ਵਿਚ। ਬਾਪ ਜਿੰਨੀ ਕੋਸ਼ਿਸ਼ ਕਰ ਰਿਹਾ ਨਾਨਕ ਨੂੰ ਦੁਨੀਆਂਦਾਰ ਬਨਾਉਣ ਦੀ, ਨਾਨਕ ਉਨ੍ਹਾਂ ਹੀ ਦੁਨੀਆਂਦਾਰੀ ਤੋਂ ਦੂਰ ਹੁੰਦਾ ਚਲਾ ਗਇਆ। ਨਾਨਕ ਘਰ ਵਾਲਿਆਂ ਲਈ ਇਕ ਸਮਸਿਆ ਬਣ ਗਇਆ।

ਨਾਨਕ ਨੇ ਪਾਠਸ਼ਾਲਾ ਜਾਣਾ ਤਾਂ ਛੱਡ ਦਿਤਾ ਪਰ ਦੁਨਿਆਵੀ ਕਰ ਵਿਹਾਰ ਵਿਚ ਮਨ ਨਾ ਲਾਇਆ। ਜੰਗਲ ਵਿਚ ਜਾਨਵਰ ਘੁੰਮਦੇ ਰਹਿੰਦੇ, ਸੱਪ ਨਿਕਲਦੇ ਰਹਿੰਦੇ ਪਰ ਨਾਨਕ ਸੁੱਤਾ ਰਹਿੰਦਾ ਜਾਂ ਮਸਤੀ ਵਿਚ ਤੇ ਖ਼ਿਆਲਾਂ ਵਿਚ ਗੁੰਮਿਆ

ਰਹਿੰਦਾ। ਮਹਿਤਾ ਕਾਲੂ ਨੂੰ ਇਸ ਗੱਲ ਦੀ ਬਹੁਤ ਚਿੰਤਾ ਲੱਗੀ। ਸੁੱਖਾਂ ਸੁਖ ਤਾਂ ਪੁੱਤਰ ਦਾ ਘਰ ਜਨਮ ਹੋਇਆ ਸੀ। ਹੁਣ ਪਿਤਾ ਨੂੰ ਪੁੱਤਰ ਦੀ ਸਲਾਮਤੀ ਦਾ ਭੀ ਫ਼ਿਕਰ ਹੋਇਆ ਤੇ ਉਸ ਨੇ ਨਾਨਕ ਨੂੰ ਫਿਰ ਪੜ੍ਹਨੇ ਪਾ ਦਿਤਾ।

ਹੁਣ ਨਾਨਕ ਪੰਡਤ ਬ੍ਰਿਜਨਾਥ ਦੀ ਪਾਠਸ਼ਾਲਾ ਪੜ੍ਹਨੇ ਪਿਆ। ਪੰਡਤ ਨੇ ਉਸਨੂੰ ਸੰਸਕ੍ਰਿਤ ਪੜ੍ਹਾਉਣੀ ਸ਼ੁਰੂ ਕਰ ਦਿਤੀ। ਪਿਤਾ ਨੇ ਪੁੱਤਰ ਨੂੰ ਪਾਠਸ਼ਾਲਾ ਇਸ ਲਈ ਭੇਜਿਆ ਸੀ ਕਿ ਨਾਨਕ ਸਾਧੂਆਂ ਦਾ ਸੰਗ ਛੱਡ ਦੇਵੇਗਾ। ਪਰ ਪਾਠਸ਼ਾਲਾ ਦੇ ਪਰਭਾਵ ਅਤੇ ਸੰਸਕ੍ਰਿਤ ਦੇ ਗਿਆਨ ਨੇ ਨਾਨਕ ਨੂੰ ਆਪਣੇ ਪਿਤਾ ਪੁਰਖੀ ਧਰਮ, ਇਤਿਹਾਸ ਅਤੇ ਮਿਥਿਹਾਸ ਦੀ ਲਗਨ ਭੀ ਲਗਾ ਦਿੱਤੀ। ਪੰਡਤ ਜੇ ਬਾਲ ਨਾਨਕ ਦੀ ਬੁੱਧੀ ਨੂੰ ਟੁੰਬਦਾ ਤਾਂ ਸਾਧੂ ਫਕੀਰ ਉਸਦੇ ਭਾਵਾਂ ਨੂੰ ਛੇੜਦੇ ਅਤੇ ਸਿੱਟੇ ਵਜੋਂ ਨਾਨਕ ਅਧਿਆਤਮਕ ਅਭਿਆਸ ਕਰਨ ਲਗਿਆ। ਇਕ ਦਿਨ ਪਾਠਸ਼ਾਲਾ ਵਿਚ ਇਉਂ ਵਾਰਤਾਲਾਪ ਹੋਈ :—

ਅਧਿਆਪਕ :—"ਓਮ" ਲਿਖੋ। ਹਰ ਲਿਖਤ ਤੋਂ ਪਹਿਲਾਂ 'ਓਮ' ਲਿਖਣਾ ਚਾਹੀਦਾ ਹੈ।

ਨਾਨਕ :—"ਕਿਉਂ ਪੰਡਤ ਜੀ" ?

ਅਧਿਆਪਕ :—"ਇਸ ਲਈ ਕਿ ਅਸੀਂ ਪ੍ਰਾਚੀਨ ਸਮਿਆਂ ਤੋਂ ਇਸੇ ਤਰ੍ਹਾਂ ਲਿਖਦੇ ਆਏ ਹਾਂ।"

ਨਾਨਕ :—"ਬਿਨਾਂ ਅਰਥ ਜਾਣੇ" ?

ਅਧਿਆਪਕ :—"ਚੱਪ ਬੈਠ ਜਾ"।

ਨਾਨਕ ਬੈਠ ਤਾਂ ਗਿਆ ਪਰ ਉਸ ਦੀ ਤਸੱਲੀ ਨਾ ਹੋਈ। ਉਹ ਹਰ ਗੱਲ ਦੀ ਡੂੰਘਾਈ ਵਿਚ ਜਾਣਾ ਚਾਹੁੰਦਾ ਸੀ। ਮੰਨਣ ਤੋਂ ਪਹਿਲਾਂ, ਕਰਨ ਤੋਂ ਪਹਿਲਾਂ ਉਹ ਸੰਤੁਸ਼ਟ ਹੋਣਾ ਚਾਹੁੰਦਾ ਸੀ ਕਿ ਉਹ ਅਜਿਹਾ ਕਿਉਂ ਕਰ ਰਿਹਾ ਹੈ ? ਇਹ ਅਸੰਤੁਸ਼ਟਤਾ ਹੀ ਉਸਦੇ ਗਿਆਨ ਨੂੰ, ਗਿਆਨ ਲਈ ਤੀਬਰਤਾ ਨੂੰ, ਵਧਾਉਂਦੀ ਸੀ। ਅਧਿਆਪਕ ਦੇ "ਚੁਪ ਰਹਿ" ਦੇ ਆਦੇਸ਼ ਨੇ ਨਾਨਕ ਦੀ ਜ਼ਬਾਨ ਤਾਂ ਬੰਦ ਕਰ ਦਿੱਤੀ ਪਰ ਉਸ ਦੇ ਦਿਮਾਗ ਨੂੰ ਸੋਚਣ ਤੋਂ ਬੰਦ ਨਾ ਕਰ ਸਕਿਆ।

"ਓਮ" ਬਾਰੇ ਜਾਨਣ ਦੀ ਭੁੱਖ ਉਸ ਦੀ ਵਧਦੀ ਗਈ। ਨਾਨਕ ਮੱਖੀ ਤੇ ਮੱਖੀ ਮਾਰਨ ਵਾਲਿਆਂ ਵਿਚੋਂ ਨਹੀਂ ਸੀ। ਨਿਰਮਲ ਬੁੱਧੀ ਦੇ ਕਾਰਨ ਨਾਨਕ ਬਾਕੀ ਵਿਦਿਆਰਥੀਆਂ ਤੋਂ ਵੱਖਰਾ ਸੀ। ਨਾਨਕ ਦੱਸ ਵਰ੍ਹਿਆਂ ਦਾ ਹੋਇਆ। ਪਰੰਪਰਾ ਅਨੁਸਾਰ, ਧਾਰਮਿਕ ਮਰਿਆਦਾ ਕਾਰਨ ਨਾਨਕ ਦੇ 'ਜਨੇਊ' ਪਾਉਣ ਦੀ ਰਸਮ ਦਾ ਪ੍ਰਬੰਧ ਕੀਤਾ ਗਇਆ। ਸਾਰੇ ਰਿਸ਼ਤੇਦਾਰਾਂ, ਸਬੰਧੀਆਂ ਨੂੰ ਸੱਦੇ ਭੇਜੇ ਗਏ। ਘਰ ਵਿਚ ਬੜੀ ਰੌਣਕ ਹੋ ਗਈ। ਹੋਮ ਯੱਗ ਦਾ ਪਰਬੰਧ ਹੋਇਆ। ਮੰਤਰਾਂ ਦਾ ਉਚਾਰਣ ਹੋਣ ਲਗਿਆ। ਸਾਰੇ ਬੜੇ ਸਤਿਕਾਰ ਨਾਲ ਸੁਣ ਰਹੇ ਸਨ। ਮਹਿਤਾ ਕਾਲੂ

ਬੜਾ ਖੁਸ਼ ਸੀ। ਮਾਂ ਤ੍ਰਿਪਤਾ ਪੁੱਤਰ ਦੇ ਵਿਆਹ ਦੇ ਸੁਪਨੇ ਲੈ ਰਹੀ ਸੀ। ਪੰਡਤ ਜੀ ਜਦ ਜਨੇਊ ਨਾਨਕ ਦੇ ਗਲ ਪਉਣ ਲਗੇ ਤਾਂ ਇਕ ਦਮ ਸਨਾਟਾ ਛਾ ਗਿਆ :—

ਨਾਨਕ :—"ਪੰਡਤ ਜੀ, ਇਹ ਧਾਗਾ ਮੇਰੇ ਕਿਉਂ ਪਾ ਰਹੇ ਹੋ ?"

ਪੰਡਤ :—"ਇਹ ਹਿੰਦੂ ਹੋਣ ਦਾ ਚਿੰਨ੍ਹ ਹੈ।"

ਨਾਨਕ :—"ਕੀ ਧਰਮ ਧਾਗੇ ਵਿਚ ਹੈ ?"

ਪੰਡਤ :—"ਅਸਾਡੇ ਪੂਰਵਜ, ਦ੍ਵਿਜ ਜਾਤੀਆਂ ਦੇ ਲੋਕ ਜਨੇਊ ਸਦਾ ਪਾਉਂਦੇ ਆਏ ਹਨ ਤੁਸੀਂ ਵੀ ਪਾਓ।"

ਨਾਨਕ :—"ਪਰ ਇਸ ਦਾ ਲਾਭ ਕੀ ?"

ਪੰਡਤ :—"ਇਹ ਤੁਹਾਨੂੰ ਪ੍ਰਤਿਸ਼ਟਾ ਦੇਵੇਗਾ।"

ਨਾਨਕ :—"ਕੀ ਮਾਨ ਪ੍ਰਤਿਸ਼ਟਾ ਧਾਗੇ ਪਾਉਣ ਨਾਲ ਹੀ ਹੁੰਦੀ ਹੈ ?"

ਨਾਨਕ ਨੂੰ ਬਹੁਤ ਸਮਝਾਇਆ ਗਇਆ। ਪਿਤਾ ਨੇ ਵੀ ਆਖਿਆ ਵੇਖਿਆ, ਸੰਬੰਧੀਆਂ ਨੇ ਵੀ ਕਿਹਾ ਸੁਣਿਆ। ਨਾਨਕ ਦ੍ਰਿੜ੍ਹ ਰਹਿਆ। ਉਸ ਨੇ ਜਨੇਊ ਨਾ ਪਵਾਇਆ। ਉਸ ਦੇ ਅੰਦਰ ਦੀ ਤਸੱਲੀ ਨਹੀਂ ਸੀ ਹੋਈ। ਰਸਮ ਕਰਕੇ, ਮਰਿਯਾਦਾ ਕਰ ਕੇ ਉਹ ਕੁਝ ਵੀ ਕਰਨ ਲਈ ਤਿਆਰ ਨਹੀਂ ਸੀ। ਪਿੰਡ ਵਿਚ ਗੱਲਾਂ ਹੋਣ ਲੱਗੀਆਂ। ਰਿਸ਼ਤੇਦਾਰਾਂ ਘੁਸਰ ਮੁਸਰ ਸ਼ੁਰੂ ਕਰ ਦਿਤੀ। ਮਹਿਤਾ ਕਾਲੂ ਦੀ ਬੜੀ ਹੀ ਨਿਮੋਸ਼ੀ ਹੋਈ। ਉਹ ਹੋਰ ਤਾਂ ਕੁਝ ਨਾ ਕਰ ਸਕਿਆ ਪਰ ਉਸ ਨੇ ਨਾਨਕ ਦਾ ਪੜ੍ਹਨਾ ਫਿਰ ਛੁਡਵਾ ਦਿਤਾ। ਪਿਤਾ ਦਾ ਖ਼ਿਆਲ ਸੀ ਕਿ ਸੰਸਕ੍ਰਿਤ ਦੀ ਪੜ੍ਹਾਈ ਨੇ ਹੀ ਨਾਨਕ ਨੂੰ ਸ਼ਾਸਤਰਾਰਥ ਦਾ ਭੁਸ ਪਾਇਆ ਹੈ। ਨਾ ਹੋਵੇਗਾ ਬਾਂਸ ਨਾ ਬਜੇਗੀ ਬਸੰਰੀ। ਨਾ ਇਹ ਪੜ੍ਹੂ ਲਿਖੂਗਾ ਤੇ ਨਾ ਇਸ ਪਾਸੇ ਪਾਵੇਗਾ। ਨਾਨਕ ਮਹਿਤਾ ਕਾਲੂ ਦੀਆਂ ਰੀਝਾਂ ਨੂੰ ਨਹੀਂ ਸੀ ਮਹਿਸੂਸ ਸਕਿਆ। ਪਿਤਾ ਤੋਂ ਪੁਤਰ ਦੀ ਮੰਜ਼ਲ ਵੱਖਰੀ ਸੀ, ਰਾਹ ਵੱਖਰੇ ਸਨ। ਨਾਨਕ ਹਰ ਗੱਲ ਨੂੰ ਸਮਝਣਾ ਚਾਹੁੰਦਾ ਸੀ। ਮਹਿਤਾ ਕਾਲੂ ਮੰਨਣ ਲਈ ਮਜ਼ਬੂਰ ਕਰਦਾ ਸੀ। ਪਿਤਾ ਤੇ ਪੁੱਤਰ ਦੀ ਸੋਚਣੀ ਵਿਚ ਫ਼ਰਕ ਸੀ। ਮਹਿਤਾ ਕਾਲੂ ਨੇ ਕਦੇ 'ਕਿੰਤੂ' ਨਹੀਂ ਸੀ ਕੀਤਾ। ਇਸ ਲਈ ਉਸ ਨੂੰ ਨਾਨਕ ਦਾ 'ਕਿੰਤੂ' ਕਰਨਾ ਬੁਰਾ ਲਗਦਾ ਸੀ, ਚੁਭਦਾ ਸੀ। ਮਹਿਤਾ ਕਾਲੂ ਨੂੰ ਆਪਣੇ ਪਿਤਾ ਹੋਣ ਦਾ ਮਾਨ ਸੀ, ਨਾਨਕ ਨੂੰ ਕਿਉਂ, ਕਿੱਦਾਂ ਕਾਹਦੇ ਲਈ, ਜਾਨਣ, ਹੋਰ ਜਾਨਣ ਦੀ ਭੁੱਖ ਤੇ ਮਾਣ ਸੀ। ਪਿਆਰ ਤੇ ਸਤਿਕਾਰ ਦੇ ਬਾਵਜੂਦ ਦੋਵੇਂ ਇਕ ਦੂਜੇ ਨੂੰ ਸਮਝਣ ਤੋਂ ਅਸਮਰਥ ਸਨ।

ਹੁਣ ਨਾਨਕ ਨੂੰ ਖੇਤੀ ਪਾਸੇ ਲਾਇਆ ਗਇਆ। ਮਹਿਤਾ ਕਾਲੂ ਨੇ ਜਵਾਨ ਹੋ ਰਹੇ ਪੁੱਤਰ ਪਾਸੋਂ ਮਦਦ ਮੰਗੀ। ਨਾਨਕ ਆਗਿਆਕਾਰੀ ਪੁੱਤਰ ਸੀ। ਉਹ ਆਪਣੇ ਪਿਤਾ ਦੀ ਮੰਗ ਨੂੰ ਕਿਵੇਂ ਠੁਕਰਾ ਸਕਦਾ ਸੀ ? ਪਿਤਾ ਨੇ ਸ਼ੁਕਰ ਮਨਾਇਆ ਕਿ ਨਾਨਕ ਖੇਤੀ ਦੇ ਝਮੇਲੇ ਵਿਚ ਫ਼ਕੀਰਾਂ ਤੇ ਸਾਧੂਆਂ ਨੂੰ ਭੁਲ ਜਾਵੇਗਾ। ਪਿਤਾ ਦੀ

ਕੋਸ਼ਿਸ ਇਹ ਸੀ ਨਾਨਕ ਪੜ੍ਹੇ ਨਾ ਪੜ੍ਹੇ, ਕੰਮ ਕਰੇ ਨਾ ਕਰੇ, ਪਰ ਸਾਧੂਆਂ ਦੇ ਪਿੱਛੇ ਨਾ ਲਗੇ। ਉਨ੍ਹਾਂ ਤੋਂ ਦੂਰ ਰਹੇ। ਉਹ ਨਾਨਕ ਨੂੰ ਦੁਨੀਆਂ ਤੋਂ ਉਪਰਾਮ ਹੁੰਦਾ ਨਹੀਂ ਸੀ ਵੇਖ ਸਕਦਾ। ਮਹਿਤਾ ਕਾਲੂ ਦੀ ਕੇਵਲ ਇਹੋ ਸਮਸਿਆ ਸੀ। ਨਾਨਕ ਪਿਤਾ ਦਾ ਸਤਿਕਾਰ ਕਰਦਾ ਸੀ, ਉਸ ਦੀ ਹਰ ਆਗਿਆ ਮੰਨਣੀ ਚਾਹੁੰਦਾ ਸੀ, ਉਹ ਪਿਤਾ ਨੂੰ ਕਿਸੇ ਵੀ ਗਲ ਲਈ ਨਾਂਹ ਨਹੀਂ ਸੀ ਕਰਨੀ ਚਾਹੁੰਦਾ, ਪਰ ਸਾਧੂਆਂ ਤੇ ਫਕੀਰਾਂ ਦੀ ਸੰਗਤ ਭੀ ਛੱਡਣੀ ਨਹੀਂ ਸੀ ਚਾਹੁੰਦਾ। ਉਸ ਨੂੰ ਉਹ ਚੰਗੇ ਲਗਦੇ ਸਨ। ਚੰਗੇ ਬਚਨ ਬੋਲਦੇ ਸਨ। ਉਹ "ਉਸ" ਦੀ ਮਹਿਮਾ ਗਾਉਂਦੇ ਸਨ ਜਿਸ ਦੇ ਹੁਕਮ ਨਾਲ ਇਹ ਧਰਤੀ ਬਣੀ, ਅਕਾਸ਼ ਹੋਂਦ ਵਿਚ ਆਇਆ, ਦਰਿਆ ਵਹਿਣ ਲਗੇ, ਬਨਾਸਪਤੀ ਉਗਣ ਲਗੀ, ਜੀਵ-ਜੰਤੂ ਪੈਦਾ ਹੋਣ ਲਗੇ, ਜੰਗਲ ਨਜ਼ਰ ਆਉਣ ਲਗੇ, ਮਹਿਲ ਉਸਰੇ। ਮਹਿਤਾ ਕਾਲੂ ਨਾਨਕ ਨੂੰ ਇਨ੍ਹਾਂ ਦਿਸਦੀਆਂ ਵਸਤਾਂ ਵਿਚ ਦਿਲਚਸਪੀ ਲੈਂਦਾ ਵੇਖਣਾ ਚਾਹੁੰਦਾ ਸੀ, ਪਰ ਨਾਨਕ "ਅਣਦਿਸਦੀ ਤਾਕਤ" ਦੇ ਰਾਜ ਨੂੰ ਸਮਝਣ ਲਈ ਬਹਿਬਲ ਸੀ। ਦੋਵੇਂ ਆਪਣੇ ਵਲੋਂ ਸੱਚੇ ਸਨ।

ਨਾਨਕ ਖੇਤਾਂ ਵਿਚ ਜਾਂਦਾ ਪਰ ਕੰਮ ਮਨ ਲਗਾ ਕੇ ਨਾ ਕਰਦਾ। ਉਸ ਦਾ ਤਨ ਭਾਵੇਂ ਖੇਤਾਂ ਵਿਚ ਹੁੰਦਾ ਪਰ ਮਨ ਸਦਾ ਜੰਗਲਾਂ ਵਿਚ ਰਹਿੰਦਾ। ਜਿਥੋਂ ਉਹ ਰੱਬ ਦਾ ਭੇਦ ਲਭਦਾ ਸੀ। ਹੁਣ ਨਾਨਕ ਮਸਤ ਰਹਿਣ ਲਗਾ। ਸਮਾਧੀ ਅਵਸਥਾ ਵਿਚ ਰਹਿਣ ਲਗਿਆ। ਮਹਿਤਾ ਕਾਲੂ ਸਫ਼ਲ ਨਾ ਹੋਇਆ। ਉਹ ਨਾਨਕ ਨੂੰ ਉਸ ਦੇ ਰਾਹ ਤੋਂ ਨਾ ਹੋੜ ਸਕਿਆ। ਬੜਾ ਦੁਖੀ ਰਹਿਣ ਲਗਿਆ। ਇਸੇ ਚਿੰਤਾ ਵਿਚ ਗ੍ਰਹਿਸਤੀ ਮਹਿਤਾ ਕਾਲੂ, ਇਲਾਕੇ ਦੇ ਸਰਦਾਰ ਰਾਏ ਬੁਲਾਰ ਕੋਲ ਗਿਆ :—

ਕਾਲੂ :—"ਨਾਨਕ ਕੁਰਾਹੇ ਪੈ ਗਿਆ ਹੈ ਰਾਏ ਜੀ, ਮੇਰਾ ਮਨ ਬੜਾ ਦੁਖੀ ਹੈ।"

ਰਾਏ ਬੁਲਾਰ :—"ਨਹੀਂ ਕਾਲੂ, ਤੇਰਾ ਪੁੱਤਰ ਹੋਣਹਾਰ ਹੈ।"

ਕਾਲੂ :—"ਜੇ ਹੋਣਹਾਰ ਹੋਵੇ ਤਾਂ ਦਿਲ ਨਾਲ ਖੇਤੀ ਨਾ ਕਰੇ, ਘਰ ਦੇ ਕੰਮ ਨਾ ਕਰੇ, ਜੰਗਲਾਂ ਵਿਚ ਕਿਉਂ ਜਾਵੇ, ਸਾਧੂਆਂ ਦੇ ਮਗਰ ਕਿਉਂ ਲਗੇ......?"

ਰਾਏ ਬੁਲਾਰ :—"ਸਾਰੀ ਉਮਰ ਕਮਾਉਣ ਦੀ ਪਈ ਹੈ। ਅਜੇ ਬੱਚਾ ਏ ਇਸ ਉਤੇ ਕੰਮ ਦਾ ਭਾਰ ਨਾ ਪਾ। ਮੇਰੇ ਆਖੇ ਲਗ ਇਹਨੂੰ ਪੜ੍ਹਨ ਦੇ।"

ਮਹਿਤਾ ਕਾਲੂ ਦੁਬਿਧਾ ਵਿਚ ਸੀ। ਨਾਨਕ ਨੂੰ ਉਸ ਦੋਵੇਂ ਵਾਰ ਪੜ੍ਹਨ ਤੋਂ ਇਸ ਲਈ ਹਟਾਇਆ ਸੀ ਕਿ ਉਹ ਸਾਧੂਆਂ, ਫਕੀਰਾਂ ਦੀ ਸੰਗਤ ਛੱਡ ਦੇਵੇ ਤੇ ਦੁਨੀਆਂ ਵਿਚ ਦਿਲਚਸਪੀ ਲਵੇ। ਉਸ ਦੀ ਇਹ ਤਜਵੀਜ਼ ਸਿਰੇ ਨਹੀਂ ਸੀ ਚੜ੍ਹਦੀ। ਉਹ ਸੋਚਣ ਲਗਿਆ ਕਿ ਪੜ੍ਹਾਈ ਤੋਂ ਹਟਾਉਣ ਦਾ ਕੀ ਲਾਭ ਹੋਇਆ ?

ਮਹਿਤਾ ਕਾਲੂ ਦੂਰ ਅੰਦੇਸ਼ ਸੀ। ਮੁਸਲਮਾਨਾਂ ਦਾ ਰਾਜ ਸੀ। ਉਹ ਆਪਣੇ ਪੁੱਤਰ ਨੂੰ ਸਰਕਾਰੇ-ਦਰਬਾਰੇ ਨੌਕਰ ਕਰਾਉਣਾ ਚਾਹੁੰਦਾ ਸੀ। ਉਸ ਨੇ ਸੋਚਿਆ ਕਿ ਨਾਨਕ ਨੂੰ ਜੇ ਫੇਰ ਪੜ੍ਹਨੇ ਪਾਉਣਾ ਹੀ ਹੈ ਤਾਂ ਕਿਉਂ ਨਾ ਕਿਸੇ ਮੌਲਵੀ ਪ ਸ ਹੀ ਪਾਇਆ ਜਾਵੇ, ਜਿਥੇ ਉਹ ਅਰਬੀ, ਫਾਰਸੀ ਸਰਕਾਰ ਦਰਬਾਰ ਦਾ ਇਲਮ ਸਿਖ ਸਕੇ, ਤਾਂ ਜੋ ਨਾਨਕ ਨੂੰ ਸਰਕਾਰ ਦੇ ਘਰੋਂ ਰਿਜ਼ਕ ਲਭ ਸਕੇ। ਨਾਨਕ ਨੂੰ ਕੁਤਬ-ਉ-ਦੀਨ ਦੇ ਮਦਰਸੇ ਦਾਖ਼ਲ ਕਰਵਾ ਦਿੱਤਾ ਗਿਆ। ਨਾਨਕ ਨੇ ਫ਼ਾਰਸੀ ਆਦਿ ਸਿੱਖਣੀ ਸ਼ੁਰੂ ਕਰ ਦਿੱਤੀ। ਮੌਲਵੀ ਚੰਗਾ ਸਿਆਣਾ ਸੀ। ਨਾਨਕ ਉਸਦੀ ਇੱਜ਼ਤ ਕਰਨ ਲਗਿਆ। ਪਡਤ ਬ੍ਰਿਜ ਨਾਥ ਕੋਲ ਜੇ ਭਗਵਾਨ ਦੀਆਂ ਗੱਲਾਂ ਸਨ, ਅਵਤਾਰਾਂ ਦੀਆਂ ਕਹਾਣੀਆਂ ਸਨ, "ਓਮ" ਦੀ ਮਹਿਮਾ ਸੀ ਤਾਂ ਮੌਲਵੀ ਕੋਲ ਇਸਲਾਮੀ ਮੱਤ ਤੇ ਰਹੱਸ ਸੀ। ਨਾਨਕ ਨੂੰ ਇਸਲਾਮ ਤੇ ਸੂਫ਼ੀ ਮਤ ਦੀ ਸੋਝੀ। ਹੋਈ ਪੰਜ ਵਰ੍ਹਿਆਂ ਵਿਚ ਸ਼ਰੀਅਤ, ਤਰੀਕਤ, ਮਾਰਫਤ ਤੇ ਹਕੀਕਤ, ਚੌਹਾਂ ਮਾਰਗਾਂ ਦਾ ਨਾਨਕ ਨੂੰ ਗਿਆਨ ਹੋ ਗਿਆ। ਮਹਿਤਾ ਕਾਲੂ ਦੀ ਰੀਝ ਪੂਰੀ ਹੋ ਗਈ, ਪੁੱਤਰ ਨੂੰ ਨੌਕਰੀ ਲਈ ਫ਼ਾਰਸੀ ਪੜ੍ਹਾਉਣ ਦੀ ਤੇ ਨਾਨਕ ਦੀ ਰੀਝ ਪੂਰੀ ਹੋ ਗਈ, ਹਿੰਦੂ ਧਰਮ ਦੇ ਨਾਲ ਨਾਲ ਇਸਲਾਮ ਦੀ ਜਾਣਕਾਰੀ ਪਰਾਪਤ ਕਰਨ ਦੀ। ਦੋਵੇਂ ਖੁਸ਼ ਸਨ। ਦੋਵੇਂ ਸੋਚਦੇ ਸਨ ਕਿ ਚੰਗਾ ਹੋਇਆ। ਮਹਿਤਾ ਕਾਲੂ ਦਾ ਵਿਚਾਰ ਸੀ ਕਿ ਨਾਨਕ ਨੂੰ ਨੌਕਰੀ ਮਿਲ ਜਾਵੇਗੀ। ਨਾਨਕ ਨੂੰ ਵਿਸ਼ਵਾਸ ਆਇਆ ਕਿ ਅੱਲ੍ਹਾ ਤੇ ਰਾਮ ਇੱਕੋ ਹੈ। ਹਿੰਦੂ ਧਰਮ ਅਤੇ ਇਸਲਾਮੀ ਮਤ ਦੋ ਰਾਹ ਹਨ। ਮੰਜ਼ਲ ਦੋਹਾਂ ਦੀ ਇਕ ਹੈ।

ਨਾਨਕ ਪੰਦਰਾਂ ਵਰ੍ਹਿਆਂ ਦਾ ਹੋ ਗਿਆ ਸੀ।

ਰੱਬ ਦੇ ਭਗਤ ਭੁੱਖੇ ਨਹੀਂ ਰਹਿਣੇ ਚਾਹੀਦੇ। ਮਹਿਤਾ ਕਾਲੂ ਇਕ ਵੇਰ ਫੇਰ ਫੇਲ੍ਹ ਹੋਇਆ। ਨਾਨਕ ਨੇ ਦੁਨਿਆਵੀ ਨਹੀਂ, ਰੱਬੀ ਵਿਉਪਾਰ ਕੀਤਾ।

ਪਿਤਾ ਪੁੱਤਰ ਦੀ ਤਲਖੀ ਵਧਦੀ ਗਈ। ਮਹਿਤਾ ਕਾਲੂ ਨੇ ਨਾਨਕ ਨਾਲ ਗੱਲ ਕਰਨੀ ਵੀ ਛੱਡ ਦਿੱਤੀ। ਘਰ ਵਿਚ ਤਣਾ ਦਾ ਵਾਤਾਵਰਣ ਰਹਿੰਦਾ। ਮਹਿਤਾ ਕਾਲੂ ਬਹੁਤ ਔਖਾ ਹੋਇਆ। ਗੁੱਸੇ ਵਿਚ ਨਾਨਕ ਨੂੰ ਘਰੋਂ ਕੱਢ ਦਿੱਤਾ। ਮਾਤਾ ਤਰਿਪਤਾ ਨੇ ਸਬਰ ਦਾ ਘੁਟ ਭਰਿਆ। ਪਤੀ ਦਾ ਗੁੱਸਾ ਅਤੇ ਪੁੱਤਰ ਦਾ ਇਰਾਦਾ। ਦੋਵੇਂ ਅਡੋਲ ਸਨ। ਦੋਵੇਂ ਆਪਣੇ ਆਪਣੇ ਦ੍ਰਿਸ਼ਟੀਕੋਨ ਵਿਚ ਸੱਚੇ।

ਨਾਨਕ ਨੇ ਤਲਵੰਡੀ ਛਡ ਦਿਤੀ। ਭੈਣ ਨਾਨਕੀ ਤੇ ਜੀਜੇ ਜੈ ਰਾਮ ਨੇ ਸੁਲਤਾਨਪੁਰ ਨਾਨਕ ਦਾ ਨਿਘਾ ਸਵਾਗਤ ਕੀਤਾ। ਨਾਨਕ ਸਿਆਣਾ ਸੀ। ਬਾਪ ਦੇ ਘਰ ਤੇ ਜੀਜੇ ਦੇ ਘਰ ਦੇ ਫ਼ਰਕ ਨੂੰ ਚੰਗੀ ਤਰ੍ਹਾਂ ਨਾਲ ਸਮਝਦਾ ਸੀ। ਉਹ ਉਨ੍ਹਾਂ ਤੇ ਭਾਰ ਨਹੀਂ ਸੀ ਬਨਣਾ ਚਾਹੁੰਦਾ। ਸ੍ਵੈਮਾਣੀ ਸੀ ਨਾਨਕ। ਨੌਕਰੀ ਲਈ ਹੁਣ ਨਾਨਕ ਕਾਹਲਾ ਸੀ। ਜੈਰਾਮ ਚਾਹੁੰਦਾ ਸੀ ਕਿ ਨਾਨਕ ਆਪਣੇ ਅਧਿਆਤਮਕ ਰਾਹ ਤੇ ਚਲਦਾ ਰਹੇ ਤੇ ਉਸਨੂੰ ਬਾਰ ਬਾਰ ਯਕੀਨ ਦਿਵਾਉਂਦਾ ਕਿ ਸੁਲਤਾਨਪੁਰ ਵਿਚ ਉਸਨੂੰ ਤਲਵੰਡੀ ਵਾਲਾ ਵਾਤਾਵਰਣ ਨਹੀਂ ਮਿਲੇਗਾ। ਮਹਿਤਾ ਕਾਲੂ ਰੋਕਦਾ ਸੀ ਕਿ ਉਹ ਜੰਗਲਾਂ ਵਿਚ ਸਾਧੂਆਂ, ਫ਼ਕੀਰਾਂ ਕੋਲ ਨਾ ਜਾਵੇ, ਸਮਾਧੀ ਵਿਚ ਨਾ ਰਿਹਾ ਕਰੇ, ਖਾਣਾ ਪੀਣਾ ਨਾ ਛਡਿਆ ਕਰੇ, ਘਰ ਬਣਾਉਣ ਦੀ ਥਾਂ ਲੁਟਾਇਆ ਨਾ ਕਰੇ ਪਰ ਨਾਨਕ ਸੀ ਕਿ ਨਾ ਰੁਕਿਆ। ਉਸਨੇ ਆਪਣਾ ਮਨ ਭਾਉਂਦਾ ਰਾਹ ਨਾ ਛਡਿਆ, ਬਾਪ ਦਾ ਘਰ ਛਡ ਦਿਤਾ। ਘਰ ਛਡਣ ਦੀ ਤਬਦੀਲੀ ਸੀ ਜਾਂ ਸਮਾਜਕ ਰਿਸ਼ਤਿਆਂ ਦੀ ਮਜਬੂਰੀ, ਨਾਨਕ ਭੈਣ ਦੇ ਘਰ ਕੰਮ ਕੀਤੇ ਬਿਨਾਂ ਨਹੀਂ ਸੀ ਰਹਿਣਾ ਚਾਹੁੰਦਾ।

ਸੰਨ ਈਸਵੀ ੧੪੮੭। ।ਜਥੇ ਚਾਹ ਉਥੇ ਰਾਹ। ਨਵਾਬ ਦੌਲਤ ਖ਼ਾਨ ਨੇ ਨਾਨਕ ਨੂੰ ਮੋਦੀ ਰਖ ਲਿਆ। ਪਹਿਲੀ ਨੌਕਰੀ ਦਾ ਜੋਸ਼ ਤੇ ਚਾਅ ਸੀ ਨਾਨਕ ਵਿਚ ਅਤੇ ਫੇਰ ਉਸ ਨੂੰ ਕੰਮ ਵੀ ਪਸੰਦ ਸੀ। ਲੋਕਾਂ ਨੂੰ ਰੋਟੀ ਦਾ ਸਮਾਨ ਤੇ ਕਪੜਾ ਦੇਣਾ। ਨਾਨਕ ਦਾ ਸਾਥੀ ਮਰਦਨਾ ਵੀ ਉਸੇ ਨਾਲ ਹੀ ਮੋਦੀ ਖਾਨੇ ਵਿਚ ਕੰਮ ਕਰਦਾ ਸੀ। ਲੋੜਵੰਦਾਂ ਨੂੰ ਇਹ ਵਸਤਾਂ ਦੇਂਦੇ ਪਰ ਉਨ੍ਹਾਂ ਦੀਆਂ ਲੋੜਾਂ ਨਾ ਪੂਰੀਆਂ ਹੁੰਦੀਆਂ। ਇਨ੍ਹਾਂ ਆਪਣੇ ਖ਼ਰਚ ਘਟਾ ਲਏ। ਰੱਬ ਦੇ ਬੰਦਿਆਂ ਦੀ ਸੇਵਾ ਉਨ੍ਹਾਂ ਨੂੰ ਸੁਆਦ ਦੇਂਦੀ। ਉਹ ਲੋਕਾਂ ਨਾਲ ਸਰਕਾਰੀ ਹਾਕਮਾਂ ਵਾਲਾ ਵਰਤਾਉ ਨਾ ਕਰਦੇ। ਨਾ ਘੂਰ ਕਦੇ, ਨਾ ਰੋਅਬ ਪਾਉਂਦੇ, ਨਾ ਆਪਣੇ ਆਪ ਨੂੰ ਉਚੇਰਾ ਤੇ ਵਖਰਾ ਸਮਝਦੇ। ਉਹ ਮੋਦੀ ਖਾਨੇ ਵਿਚ ਆਉਣ ਵਾਲਿਆਂ ਨਾਲ ਹੱਸ ਕੇ ਗੱਲ ਕਰਦੇ, ਪੂਰਾ ਤੋਲਦੇ ਤੇ ਖਿੜੇ ਮਥੇ ਉਨ੍ਹਾਂ ਨੂੰ ਵਸਤਾਂ ਦੇਂਦੇ। ਉਹ ਨੌਕਰੀ ਨੂੰ ਹਾਕਮੀ ਨਹੀਂ ਲੋਕਾਂ ਦੀ ਸੇਵਾ ਸਮਝਦੇ। ਸੇਵਾ ਸਮਝਦੇ ਹੀ ਨਾ, ਸੇਵਾ ਕਰਦੇ ਵੀ।

ਆਪਣੇ ਕੰਮ ਤੇ ਸੁਭਾ ਕਰ ਕੇ ਨਾਨਕ ਲੋਕਾਂ ਵਿਚ ਦਿਨੋ ਦਿਨ ਹਰਮਨ ਪਿਆਰਾ ਹੋ ਰਿਹਾ ਸੀ। ਗਲੀ ਮਹੱਲੇ ਵਿਚ ਜਿਥੇ ਵੀ ਚਾਰ ਛੇ ਲੋਕੀ ਗੱਲਾਂ ਕਰਦੇ, ਗੱਲਾਂ ਵਿਚ ਮੋਦੀਖਾਨੇ ਵਿਚ ਆਏ ਨਾਨਕ ਦੀਆਂ ਗੱਲਾਂ ਜ਼ਰੂਰ ਹੁੰਦੀਆਂ। ਸਾਰੇ ਹੀ ਨਾਨਕ ਦੀ ਉਸਤਤ ਕਰਨ ਲੱਗੇ। ਕਿਥੇ ਉਨ੍ਹਾਂ ਨੂੰ ਚੀਜ਼ਾਂ ਘਟ ਮਿਲਦੀਆਂ ਸਨ, ਝਿੜਕਾਂ ਬਹੁਤੀਆਂ ਤੇ ਗਾਲ੍ਹਾਂ ਬਿਨਾਂ ਕਸੂਰ ਤੋਂ। ਹੁਣ ਉਨ੍ਹਾਂ ਨੂੰ ਚੀਜ਼ਾਂ ਪੂਰੀਆਂ ਮਿਲਦੀਆਂ ਸਨ ਅਤੇ ਮੁਸਕਰਾਹਟ ਦਾ ਝੂੰਗਾ। ਇਸ ਨੇ ਜਿਥੇ ਇਕ ਪਾਸੇ ਨਾਨਕ ਦੇ ਪਰਸੰਸਕ ਵਧਾਏ, ਓਥੇ ਦੂਜੇ ਪਾਸੇ ਨਿੰਦਕ ਵੀ ਪੈਦਾ ਕੀਤੇ।

ਕੰਮ ਨਾਲ ਨਾਨਕ ਦਾ ਮੁਕਾਬਲਾ ਨਹੀਂ ਸੀ ਹੋ ਸਕਦਾ। ਉਹ ਲਗਨ ਵਾਲਾ ਸੀ, ਇਮਾਨਦਾਰ ਸੀ, ਮੇਹਨਤੀ ਸੀ ਤੇ ਸੁਭਾ ਦਾ ਨਿੱਘਾ ਤੇ ਮਿੱਠਾ। ਨਾਲ ਦੇ ਕੰਮ ਕਰਨ ਵਾਲੇ ਖਾਰ ਖਾਣ ਲੱਗੇ। ਉਨ੍ਹਾਂ ਵਿਚ ਨਾਨਕ ਵਾਲੇ ਗੁਣ ਨਹੀਂ ਸਨ ਤੇ ਨਾਨਕ ਵਿਚ ਉਨ੍ਹਾਂ ਵਾਲੇ ਔਗੁਣ ਨਹੀਂ ਆ ਸਕਦੇ ਸਨ। ਨਾਨਕ ਦੀ ਸ਼ੋਭਾ ਨੇ ਉਨ੍ਹਾਂ ਨੂੰ ਈਰਖਾ ਦੀ ਅੱਗ ਵਿਚ ਲਪੇਟ ਦਿਤਾ। ਉਹ ਮਨਸੂਬੇ ਬਣਾਉਣ ਲੱਗੇ ਨਾਨਕ ਨੂੰ ਜ਼ਲੀਲ ਕਰਨ ਦੇ। ਇਨ੍ਹਾਂ ਨਾਨਕ ਬਾਰੇ ਘੁਸਰ ਮੁਸਰ ਸ਼ੁਰੂ ਕਰ ਦਿਤੀ।

ਇਕ—ਨਾਨਕ ਮੋਦੀਖਾਨੇ ਨੂੰ ਬਾਪ ਦੀ ਜਾਇਦਾਦ ਸਮਝਦਾ ਹੈ।

ਦੂਜਾ—ਨਵਾਬ ਦੇ ਪੈਸੇ ਨੂੰ ਲੁਟਾ ਰਿਹਾ ਹੈ।

ਤੀਜਾ—ਕਿਹੜਾ ਆਪਣਾ ਪੈਸਾ ਹੈ।

ਚੌਥਾ—ਨਿਜੀ ਸ਼ੁਹਰਤ ਲਈ ਸਰਕਾਰੀ ਖ਼ਜ਼ਾਨੇ ਨੂੰ ਵਰਤ ਰਿਹਾ ਹੈ।

ਪਹਿਲਾ—ਨਵਾਬ ਨਾਲ ਇਸ ਨੂੰ ਕੋਈ ਹਮਦਰਦੀ ਨਹੀਂ।

ਦੂਜਾ—ਇਹ ਨਵਾਬ ਦਾ ਖ਼ੈਰ ਖੁਵਾਹ ਨਹੀਂ।

ਇਹ ਗੱਲਾਂ ਜੰਗਲ ਦੀ ਅੱਗ ਵਾਂਗ ਸਰਕਾਰੀ ਹਲਕਿਆਂ ਵਿਚ ਫੈਲ ਗਈਆਂ। ਹਾਕਮਾਂ ਨੂੰ ਚਾਪਲੂਸੀ ਪਸੰਦ ਹੁੰਦੀ ਹੈ ਤੇ ਕੰਨਾਂ ਦੇ ਕੱਚੇ ਵੀ ਹੁੰਦੇ ਹਨ। ਨਾਨਕ ਆਪਣੇ ਕੰਮ ਨਾਲ ਮਤਲਬ ਰਖਦਾ। ਨਾ ਕਿਸੇ ਵੱਡੇ ਦੀ ਜੀ ਹਜ਼ੂਰੀ ਕਰਦਾ ਅਤੇ ਨਾ ਹੀ ਉਨ੍ਹਾਂ ਨੂੰ ਨਜ਼ਰਾਨੇ ਭੇਟ ਕਰਦਾ। ਗੱਲ ਕੀ, ਨਾਨਕ ਲੋਕਾਂ ਵਿਚ ਹਰਮਨ ਪਿਆਰਾ ਸੀ, ਪਰ ਸਰਕਾਰੀ ਮੰਡਲੀ ਵਿਚ ਕੰਡੇ ਵਾਂਗ ਰੜਕਣ ਲੱਗਿਆ। ਉਸਦੀ ਮਸ਼ਹੂਰੀ ਅਤੇ ਨੇਕੀ ਹੀ ਉਸ ਦੇ ਦੋਖੀ ਬਣ ਗਏ।

'ਨਾਨਕ ਗੁਸਤਾਖ ਹੈ', 'ਨਾਨਕ ਲਾ ਪਰਵਾਹ ਹੈ', 'ਨਾਨਕ ਮੋਦੀ ਖਾਨੇ ਨੂੰ ਲੁਟਾ ਰਿਹਾ ਹੈ'; ਇਨ੍ਹਾਂ ਗੱਲਾਂ ਨਾਲ ਨਵਾਬ ਦੇ ਕੰਨ ਭਰ ਦਿਤੇ ਗਏ। ਉਸਨੇ ਮੁਆਮਲੇ ਦੀ ਜਾਂਚ-ਪੜਤਾਲ ਦਾ ਹੁਕਮ ਦੇ ਦਿਤਾ। ਪੂਰੀ ਤਰ੍ਹਾਂ ਨਾਲ ਜਾਂਚ ਪੜਤਾਲ ਕੀਤੀ ਗਈ। ਵਸਤਾਂ ਪੂਰੀਆਂ, ਹਿਸਾਬ ਪੂਰੇ। ਕੋਸ਼ਿਸ਼ ਦੇ ਬਾਵਜੂਦ ਨਾਨਕ ਨਾ ਫਸਿਆ। ਨਾਨਕ ਦੁਖੀ ਜ਼ਰੂਰ ਸੀ ਪਰ ਜਿੱਤ ਦੇ ਅਹਿਸਾਸ ਨੇ ਉਸਦੇ ਕੰਮ ਦੇ ਸ਼ੌਕ ਨੂੰ ਹੋਰ ਵੀ ਵਧਾ ਦਿਤਾ। ਹੁਣ ਉਹ ਕੰਮ ਉਸੇ ਤਰ੍ਹਾਂ ਕਰਦਾ ਪਰ

ਆਲੇ ਦੁਆਲੇ ਤੋਂ ਸੁਚੇਤ ਰਹਿਣਾ ਸ਼ੁਰੂ ਕਰ ਦਿਤਾ। ਨਾਨਕ ਨੌਕਰੀ ਦੇ ਇਮਤਿਹਾਨ ਵਿਚ ਈਰਖਾ ਦੇ ਬਾਵਜੂਦ ਕਾਮਯਾਬ ਰਿਹਾ।

ਨਾਨਕ ਬੜਾ ਹੀ ਸਾਦਾ ਜੀਵਨ ਜੀਉਂਦਾ ਸੀ । ਹਿੰਦੂ ਪਰੰਪਰਾ ਅਨੁਸਾਰ ਨਾਨਕ ਸਵੇਰੇ ਉਠ ਨਗਰ ਤੋਂ ਬਾਹਰ ਜਾਂਦਾ । ਜੰਗਲ ਪਾਣੀ ਤੋਂ ਵਿਹਲਾ ਹੋ ਬੇਈਂ ਨਦੀ ਵਿਚ ਇਸ਼ਨਾਨ ਕਰਦਾ। ਰੱਬ ਦੇ ਧਿਆਨ ਵਿਚ ਕੁਝ ਸਮਾਂ ਬੈਠਦਾ ਤੇ ਮੋਦੀਖਾਨੇ ਦੇ ਕੰਮ ਤੇ ਚਲਾ ਜਾਂਦਾ । ਆਪਣਾ ਕੰਮ ਕਰਦਾ ਤੇ ਘਰ ਵਾਪਸ ਆ ਜਾਂਦਾ। ਰੋਟੀ ਖਾ ਫੇਰ ਬਾਹਰ ਚਲਾ ਜਾਂਦਾ । ਸਤਸੰਗ ਕਰਦਾ । ਰੱਬ ਦਾ ਭਜਨ ਕਰਦਾ । ਹੋਰ ਵੀ ਬਹੁਤ ਸਾਰੇ ਲੋਕ ਆਉਂਦੇ। ਉਹ ਆਪਣੇ ਸ਼ੰਕੇ ਵੀ ਦਸਦੇ। ਨਾਨਕ ਉਨ੍ਹਾਂ ਦੇ ਉੱਤਰ ਦੇਂਦਾ । ਇਹ ਸਤਸੰਗ ਉਸ ਵੇਲੇ ਹੀ ਖਤਮ ਹੁੰਦਾ, ਜਦ ਨੀਂਦ ਆਪਣਾ ਪ੍ਰਭਾਵ ਅਰੰਭ ਕਰ ਦੇਂਦੀ। ਨਾਨਕ ਤਾਂ ਆਪਣੇ ਸੁਭਾ ਅਨੁਸਾਰ, ਰੱਬ ਦੀ ਭਗਤੀ ਕਾਰਨ ਘਰੋਂ ਬਾਹਰ ਰਹਿੰਦਾ ਪਰ ਭੈਣ ਨਾਨਕੀ ਸੋਚਦੀ ਕਿ ਘਰ ਵਿਚ ਘਰ ਵਾਲੀ ਨਹੀਂ, ਨਾਨਕ ਘਰ ਵਿਚ ਕਰੇ ਵੀ ਕੀ ?

ਉਹ ਭਰਾ ਨਾਲ ਭਾਬੀ ਦੀਆਂ ਗੱਲਾਂ ਕਰਦੀ ਰਹਿੰਦੀ । ਈਰਖਾ ਦੀ ਹਾਰ ਨੇ ਇਕ ਪਾਸੇ ਨਾਨਕ ਨੂੰ ਖੁਸ਼ੀ ਦਿੱਤੀ ਅਤੇ ਦੂਜੇ ਪਾਸੇ ਨੌਕਰੀ ਵਲੋਂ ਨਿਸ਼ਚਿੰਤ ਕਰ ਦਿਤਾ। ਉਹ ਹੁਣ ਆਪਣੇ ਪੈਰਾਂ ਤੇ ਖੜਾ ਸੀ। ਭਵਿਖ ਦੀ ਚਿੰਤਾ ਵੀ ਕੋਈ ਨਹੀਂ ਸੀ । ਭੈਣ ਨੇ ਭਰਾ ਨੂੰ ਮਨਾ ਲਿਆ ਤੇ ਨਾਨਕ ਆਪਣੀ ਪਤਨੀ ਸੁਲਖਣੀ ਨੂੰ ਵੀ ਸੁਲਤਾਨਪੁਰ ਲੈ ਆਇਆ।

ਨਾਨਕ ਗ੍ਰਹਸਤੀ ਬਣ ਗਿਆ ਪਰ ਉਸਦੇ ਰੋਜ਼ਾਨਾ ਜੀਵਨ ਵਿਚ ਕੋਈ ਫਰਕ ਨਾ ਆਇਆ। ਰੱਬ ਦੇ ਧਿਆਨ ਵਿਚ ਨਾਨਕ ਉਸੇ ਤਰ੍ਹਾਂ ਰਹਿੰਦਾ ਤੇ ਸਤਸੰਗ ਵੀ ਅੱਗੇ ਵਾਂਗ ਹੀ ਚਲਦਾ ਰਿਹਾ । ਮਰਦਾਨੇ ਦੀ ਰਬਾਬ ਤੇ ਨਾਨਕ ਦੇ ਮਿਠੇ ਬੋਲ ਤੇ ਡੂੰਘੇ ਖਿਆਲ ਸੁਲਤਾਨਪੁਰ ਅਤੇ ਆਲੇ-ਦੁਆਲੇ ਵਿਚ ਫੈਲਣ ਲੱਗੇ। ਉਹ ਰਚਨਹਾਰੇ ਦੀ ਉਸਤਤ ਕਰਦੇ ਰਹਿੰਦੇ। ਉਨ੍ਹਾਂ ਦੇ ਸਤਸੰਗ ਵਿਚ ਹਿੰਦੂ ਤੇ ਮੁਸਲਮਾਨ ਆਉਂਦੇ, ਅਮੀਰ ਦੇ ਗਰੀਬ ਹੁੰਦੇ, ਬਰਾਹਮਣ ਤੇ ਸ਼ੂਦਰ ਉਸ ਵਿਚ ਭਾਗ ਲੈਂਦੇ । ਇਨਸਾਨ ਇਨਸਾਨ ਹੈ ਤੇ ਹਰ ਇਨਸਾਨ ਵਿਚ ਰਚਨਹਾਰਾ ਆਪ ਹੈ । ਰਚਨਹਾਰਾ ਅਬਨਾਸ਼ੀ ਹੈ, ਅਮਰ ਹੈ, ਨਾਨਕ ਸਪਸ਼ਟ ਕਰਦਾ। ਲੋਕਾਂ ਦੀ ਬੋਲੀ ਵਿਚ ਉਨ੍ਹਾਂ ਨਾਲ ਗੱਲਾਂ ਕਰਦਾ, ਸਮਝਾਉਂਦਾ । ਉਹ ਭੇਖ ਤੋਂ ਦੂਰ ਰਹਿੰਦਾ । ਧਾਰਮਕ ਕਟੜਪਣ ਤੋਂ ਦੂਰ ਰਹਿ ਕੇ ਉਹ ਰਚਨਹਾਰੇ ਦੀ ਵਡਿਆਈ ਕਰਦਾ। ਲੋਕ ਕਾਜ਼ੀਆਂ ਤੇ ਪੰਡਤਾਂ ਦੇ ਭੇਖੀ ਜੀਵਨ ਤੋਂ ਤੰਗ ਆ ਚੁਕੇ ਸਨ । ਉਨ੍ਹਾਂ ਦੀ ਕਥਨੀ ਤੇ ਕਰਨੀ ਦੇ ਫਰਕ ਨੇ ਲੋਕਾਂ ਦੇ ਵਿਸ਼ਵਾਸ ਨੂੰ ਵੀ ਕਿਸੇ ਹੱਦ ਤੀਕ ਡੁਲਾ ਦਿਤਾ ਸੀ। ਨਾਨਕ ਦੇ ਉਪਦੇਸ਼ ਕੰਮ ਕਰੋ, ਘਰ ਦਾ ਆਨੰਦ ਮਾਣੋ ਤੇ ਰੱਬ ਦਾ ਧਿਆਨ ਕਰੋ—ਜਿਹੜਾ ਇਕ ਹੈ—ਕੇਵਲ ਉਸਦੇ ਨਾਂ ਵਖਰੇ ਹਨ—ਉਹ ਵੀ ਲੋਕਾਂ ਨੇ ਆਪਣੇ ਹਿਤ ਲਈ ਦੇ ਦਿਤੇ ਹਨ—ਉਹ ਸਭ ਦਾ ਹੈ ਤੇ ਸਾਰੇ ਉਸ

ਦੇ ਹਨ । ਇਨਸਾਨ ਇਨਸਾਨ ਵਿਚ ਕੋਈ ਫਰਕ ਨਹੀਂ । ਨਾਨਕ ਦੇ ਇਹ ਵਿਚਾਰ ਲੋਕਾਂ ਨੂੰ ਚੰਗੇ ਲਗਦੇ ਸਨ । ਸਤਸੰਗ ਵਿਚ ਗਿਣਤੀ ਵਧਦੀ ਹੀ ਜਾ ਰਹੀ ਸੀ ।

ਨਾਨਕ ਦੇ ਨਿਦਕ ਇਹ ਕਦ ਬਰਦਾਸ਼ਤ ਕਰ ਸਕਦੇ ਸਨ ? ਉਹ ਤਾਂ ਨਾਨਕ ਨੂੰ ਆਪਣੇ ਹੀ ਵਰਗਾ ਸਗੋਂ ਆਪਣੇ ਤੋਂ ਛੋਟਾ ਸਮਝਦੇ ਸਨ ਕਿਉਂਕਿ ਉਨ੍ਹਾਂ ਨੌਕਰੀ ਦੇ ਸਾਲ ਵੱਧ ਬਿਤਾਏ ਹੋਏ ਸਨ । ਉਹ ਨਾਨਕ ਤੋਂ ਦੁਖੀ ਸਨ । ਨਾਨਕ ਉਨ੍ਹਾਂ ਵਾਂਗ ਰਹਿੰਦਾ ਸਹਿਦਾ ਨਹੀਂ ਸੀ । ਨਾਨਕ ਉਹ ਸਭ ਕੁਝ ਨਹੀਂ ਸੀ ਕਰਦਾ ਜੋ ਉਹ ਕਰਦੇ ਸਨ । ਨਾਨਕ ਉਹ ਕੁਝ ਉਨ੍ਹਾਂ ਨੂੰ ਨਹੀਂ ਸੀ ਦੇਂਦਾ, ਜੋ ਉਹ ਚਾਹੁੰਦੇ ਸਨ । ਗੱਲ ਕੀ ਨਾਨਕ ਉਨ੍ਹਾਂ ਦੀਆਂ ਅੱਖਾਂ ਵਿਚ ਰੜਕਦਾ ਸੀ । ਪਹਿਲੀ ਹਾਰ ਨੂੰ ਵੀ ਉਹ ਭੁੱਲੇ ਨਹੀਂ ਸਨ । ਉਨ੍ਹਾਂ ਫੇਰ ਨਾਨਕ ਦੇ ਖ਼ਿਲਾਫ਼ ਦੂਸ਼ਨ ਲਾਉਣੇ ਸ਼ੁਰੂ ਕਰ ਦਿੱਤੇ ।

ਕਮੀਨਗੀ ਦੀ ਹੱਦ । ਨਾਨਕ ਉਤੇ ਏਸ ਬਾਰ ਗ਼ਬਨ ਦਾ ਇਲਜ਼ਾਮ ਲਾਇਆ ਗਿਆ । ਨਵਾਬ ਨੇ ਆਪ ਏਸ ਮੁਆਮਲੇ ਦੀ ਜਾਂਚ-ਪੜਤਾਲ ਸ਼ੁਰੂ ਕੀਤੀ । ਭਗਤ ਦਾ ਫੇਰ ਇਮਤਿਹਾਨ ਹੋਇਆ । ਸੱਚ ਤੇ ਦੂਸ਼ਨ ਲਾਏ ਜਾ ਸਕਦੇ ਹਨ । ਪਰ ਸੱਚ ਸੱਚ ਹੀ ਰਹਿੰਦਾ ਹੈ । ਕਈ ਦਿਨ ਲੱਗੇ ਵਸਤਾਂ ਦੀ ਗਿਣਤੀ ਕਰਦਿਆਂ ਅਤੇ ਰਕਮ ਦਾ ਹਿਸਾਬ ਕਿਤਾਬ ਕਰਦਿਆਂ । ਨਿੰਦਕ ਖੁਸ਼ ਸਨ ਕਿ ਵਸਤਾਂ ਪੂਰੀਆਂ ਨਹੀਂ ਹੋ ਸਕਦੀਆਂ, ਹਿਸਾਬ ਮੁਕੰਮਲ ਨਹੀਂ ਹੋ ਸਕਦਾ । ਉਹ ਬੇਈਮਾਨ ਸਨ ਤੇ ਆਪਣੇ ਤਜਰਬੇ ਕਰ ਕੇ ਸਭ ਨੂੰ ਅਪਣੇ ਵਰਗਾ ਬੇਈਮਾਨ ਹੀ ਸਮਝਦੇ ਸਨ । ਉਨ੍ਹਾਂ ਨੂੰ ਪਤਾ ਸੀ ਕਿ ਜੇ ਉਨ੍ਹਾਂ ਦੀ ਜਾਂਚ ਪੜਤਾਲ ਹੋਵੇ ਤਾਂ ਉਹ ਜ਼ਰੂਰ ਫਸਣਗੇ । ਇਸ ਲਈ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਨਾਨਕ ਜ਼ਰੂਰ ਫਸੇਗਾ, ਨੌਕਰੀ ਤੋਂ ਜਾਵੇਗਾ ।

ਨਾਨਕ ਸੱਚਾ ਸੀ । ਉਸ ਦੇ ਬੋਲਾਂ ਤੇ ਅਮਲ ਵਿਚ ਫਰਕ ਨਹੀਂ ਸੀ । ਮੋਦੀ ਖਾਨੇ ਵਿਚ ਨਾਨਕ ਦੇ ਪੈਸੇ ਵਧਦੇ ਸਨ, ਘਟਦੇ ਨਹੀਂ ਸਨ । ਨਵਾਬ ਨੇ ਨਾਨਕ ਦੀ ਇਮਾਨਦਾਰੀ ਤੇ ਕਿੱਤੇ ਲਈ ਵਫ਼ਾਦਾਰੀ ਤੋਂ ਖੁਸ਼ ਹੋ ਕੇ ਇਨਾਮ ਦਿਤਾ ।

ਨਿੰਦਕ ਜਲਦੇ ਰਹੇ । ਨਾਨਕ ਦੀ ਛਾਪ ਲਗ ਗਈ । ਜਿਨ੍ਹਾਂ ਨੂੰ ਨਾਨਕ ਦਾ ਨਹੀਂ ਸੀ ਪਤਾ, ਉਨ੍ਹਾਂ ਨੂੰ ਵੀ ਨਾਨਕ ਦਾ ਪਤਾ ਲਗ ਗਿਆ । ਪਤਾ ਹੀ ਨਾ ਲੱਗਾ, ਨਾਨਕ ਲਈ ਉਨ੍ਹਾਂ ਦੇ ਦਿਲ ਵਿਚ ਸ਼ਰਧਾ ਪੈਦਾ ਹੋ ਗਈ । ਉਹ ਅਡੋਲ ਰਿਹਾ । ਉਹ ਆਦਰਸ਼ ਬਣ ਗਿਆ । ਉਸਨੇ ਆਪਣੀ ਸੰਗਤ ਦਾ ਵਿਸ਼ਵਾਸ ਜਿੱਤ ਲਿਆ ।

ਨਾਨਕ ਨੌਕਰੀ ਕਰਦਾ ਰਿਹਾ ਪਰ ਉਸਦਾ ਧਿਆਨ ਵਧੇਰੇ ਕਰਕੇ ਰੱਬ ਵਿਚ ਰਹਿੰਦਾ । ਨਾਮ ਜਪਣਾ ਉਸਨੂੰ ਬਚਪਨ ਤੋਂ ਹੀ ਪਸੰਦ ਸੀ । ਦੋਵੇਂ ਵਾਰ ਦੀ ਜਿਤ ਨੂੰ ਨਾਨਕ ਨੇ ਰੱਬ ਦੀ ਹੀ ਬਖਸ਼ਸ਼ ਸਮਝਿਆ । ਉਸਦਾ ਅਟੱਲ ਵਿਸ਼ਵਾਸ਼ ਸੀ ਕਿ ਰੱਬ ਨੇ ਹੀ ਉਸ ਦੀ ਰਖਿਆ ਕੀਤੀ ਹੈ । ਉਹ ਕੇਵਲ ਰੱਬ ਤੋਂ ਡਰਦਾ ਸੀ । ਰੱਬ

ਦਾ ਡਰ ਉਸ ਨੂੰ ਚੰਗਾ ਚੰਗਾ ਰਹਿਣ ਲਈ ਮਜਬੂਰ ਕਰਦਾ। ਰੱਬ ਦਾ ਭੈ ਉਸਨੂੰ ਬੁਰਾਈ ਕਰਨ ਤੋਂ ਰੋਕਦਾ ਰਹਿੰਦਾ। ਰੱਬ ਦਾ ਪਿਆਰ ਉਸਨੂੰ ਸਭ ਨੂੰ ਪਿਆਰ ਕਰਨ ਲਈ ਉਤਸ਼ਾਹ ਦੇਂਦਾ ਰਹਿੰਦਾ। 'ਰੱਬ' 'ਰੱਬ' ਕਰਦਾ ਉਹ ਰੱਬ ਦਾ ਹੀ ਹੋ ਗਿਆ ਸੀ।

ਸਮੇਂ ਦੇ ਨਾਲ ਨਾਲ ਜਿਥੇ ਇਕ ਪਾਸੇ ਨਾਨਕ ਰੱਬ ਦੇ ਨੇੜੇ ਹੁੰਦਾ ਜਾ ਰਿਹਾ ਸੀ, ਓਥੇ ਉਸ ਦੀ ਸ਼ਖਸੀਅਤ ਦਾ ਨੂਰ ਉਸ ਦੀ ਸੰਗਤ ਨੂੰ ਵਧਾ ਰਿਹਾ ਸੀ। ਵਰ੍ਹੇ ਬੀਤਦੇ ਗਏ। ਨਾਨਕ ਨੌਕਰੀ ਕਰਦਾ ਰਿਹਾ। ਰੱਬ ਦਾ ਭਜਨ ਕਰਦਾ ਰਿਹਾ। ਦੁਨਿਆਵੀ ਜੀਵਨ ਬਿਤਾਉਂਦਾ ਰਿਹਾ। ਉਸ ਦੇ ਘਰ ਦੋ ਪੁੱਤਰ ਪੈਦਾ ਹੋਏ।

ਨਾਨਕ ਜਿੰਨਾ ਖੁਸ਼ ਸੀ, ਸ਼ਾਂਤ ਸੀ, ਉਸ ਦੇ ਸਾਥੀ ਉਨੇ ਹੀ ਈਰਖਾ ਕਾਰਣ ਦੁਖੀ ਸਨ। ਉਹ ਨਾਨਕ ਨੂੰ ਜਿੰਨਾਂ ਵੀ ਤੰਗ ਕਰ ਸਕਦੇ, ਕਰਦੇ ਰਹਿੰਦੇ। ਨਾਨਕ ਮਸਤ ਰਹਿੰਦਾ। ਈਰਖਾਲੂ ਆਪਣੇ ਰਾਹ ਤੇ ਚਲਦੇ ਰਹੇ, ਨਾਨਕ ਆਪਣੇ ਰਾਹ ਤੇ ਚਲਦਾ ਰਿਹਾ।

ਸੰਨ ਈਸਵੀ ੧੪੯੯। ਨਾਨਕ ਨੂੰ ਮੋਦੀ ਖਾਨੇ ਵਿਚ ਕੰਮ ਕਰਦਿਆਂ ਲਗ ਭਗ ਬਾਰਾਂ ਵਰ੍ਹੇ ਬੀਤ ਚੁਕੇ ਸਨ। ਇਕ ਦਿਨ ਨਾਨਕ ਹਰ ਰੋਜ਼ ਦੀ ਤਰ੍ਹਾਂ ਬੇਈਂ ਨਦੀ ਵਿਚ ਇਸ਼ਨਾਨ ਲਈ ਗਿਆ ਅਤੇ ਅਲੋਪ ਹੋ ਗਿਆ। ਇਸ ਦਾ ਹਰ ਇਕ ਉਤੇ ਵਖਰਾ ਵਖਰਾ ਪਰਭਾਵ ਪਿਆ। ਘਰ ਵਾਲੇ, ਮਿਤਰ, ਸ਼ਰਧਾਲੂ ਦੁਖੀ ਸਨ। ਸੋਚਦੇ ਸ਼ਾਇਦ ਨਾਨਕ ਮਰ ਗਿਆ ਹੈ। ਉਨ੍ਹਾਂ ਨਾਨਕ ਨੂੰ ਲੱਭਣ ਦੀ ਬੜੀ ਹੀ ਕੋਸ਼ਿਸ਼ ਕੀਤੀ ਪਰ ਬੇਅਰਥ। ਜੰਗਲਾਂ ਵਿਚ ਲੱਭਿਆ ਗਿਆ ਕਿ ਸ਼ਾਇਦ ਉਹ ਆਪਣੇ ਧਿਆਨ ਵਿਚ ਹੀ ਕਿਤੇ ਸਮਾਧੀ ਲਾਈ ਬੈਠਾ ਹੋਵੇ। ਕਈ ਡਰਨ ਕਿ ਸ਼ਾਇਦ ਕਿਸੇ ਜਾਨਵਰ ਆਦਿ ਨੇ ਹੀ ਨਾ ਖ਼ਤਮ ਕਰ ਦਿਤਾ ਹੋਵੇ। ਜਿੰਨੇ ਮੂੰਹ ਉਨੀਆਂ ਹੀ ਗੱਲਾਂ। ਨਿਦਕਾਂ ਨੇ ਫੇਰ ਨਵਾਬ ਨੂੰ ਭੜਕਾਉਣਾ ਸ਼ੁਰੂ ਕਰ ਦਿਤਾ ਕਿ ਉਹ ਮੋਦੀਖਾਨਾ ਲੁੱਟ ਕੇ ਲੈ ਗਿਆ ਹੈ।

ਨਵਾਬ ਨੇ ਜੈਰਾਮ ਨੂੰ ਤੰਗੀ ਤੁਰਸ਼ੀ ਦੇਣੀ ਸ਼ੁਰੂ ਕੀਤੀ। ਜੈਰਾਮ ਦੇ ਪਿਤਾ ਨੂੰ ਤਸੀਹੇ ਦਿੱਤੇ ਗਏ। ਸਰਕਾਰੀ ਤੌਰ ਤੇ ਭੀ ਨਾਨਕ ਦੀ ਤਲਾਸ਼ ਕੀਤੀ ਗਈ ਪਰ ਨਾਨਕ ਕਿਤੇ ਨਾ ਲੱਭਿਆ।

ਸਾਖੀ ਪਰਸਿੱਧ ਹੈ ਕਿ ਨਾਨਕ ਨੂੰ ਇਨ੍ਹਾਂ ਦਿਨਾਂ ਵਿਚ ਹੀ ਰਹੱਸਮਈ ਅਨੁਭਵ ਹੋਇਆ। ਉਸਨੇ ਮੂਲ-ਮੰਤਰ ਦਾ ਉਚਾਰਣ ਕੀਤਾ। ਉਹ ਦੁਨਿਆਵੀ ਰਾਹ ਛੱਡਣ ਅਤੇ ਰੱਬ ਦੇ ਪਰਚਾਰ ਦੇ ਰਾਹ ਤੇ ਟੁਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਿਹਾ ਸੀ। ਇਸ ਤੋਂ ਬਾਦ ਉਸਨੇ ਜੀਵਨ ਦਾ ਰਾਹ ਬਦਲ ਲਿਆ।

ਤੀਜੇ ਦਿਨ ਨਾਨਕ ਸੁਲਤਾਨ ਪੁਰ ਆ ਗਿਆ। ਨਾਨਕ ਹੁਣ ਪਹਿਲਾਂ

ਨਾਨਕ ਨਹੀਂ ਸੀ । ਉਸਨੇ ਨੌਕਰੀ ਤੋਂ ਅਸਤੀਫਾ ਦੇ ਦਿਤਾ। ਦੋਖੀਆਂ ਨੇ ਉਸਨੂੰ 'ਪਾਗਲ' ਕਹਿਣਾ ਸ਼ੁਰੂ ਕਰ ਦਿਤਾ। ਉਨ੍ਹਾਂ ਦੇ ਖਿਆਲ ਵਿਚ ਨਾਨਕ ਦਾ ਦਿਮਾਗ ਖਰਾਬ ਹੋ ਗਿਆ ਸੀ ਜਿਹੜਾ ਰਿਜ਼ਕ ਨੂੰ ਲੱਤ ਮਾਰ ਰਿਹਾ ਸੀ। 'ਭੁੱਖਾ ਮਰੇਗਾ', 'ਪਛਤਾਵੇਗਾ', 'ਫੇਰ ਮਿੰਨਤਾਂ ਕਰੇਗਾ, । 'ਨੌਕਰੀ', 'ਰੋਟੀ', 'ਤਰੱਕੀ' ਹੀ ਇਨ੍ਹਾਂ ਲੋਕਾਂ ਦਾ ਜੀਵਨ ਨਿਸ਼ਾਨਾ ਸੀ । ਉਹ ਏਸੇ ਤੱਕੜੀ ਵਿਚ ਹਰ ਇਕ ਨੂੰ ਤੋਲਦੇ ਸਨ ਪਰ ਨਾਨਕ ਇਸ ਤੱਕੜੀ ਦੇ ਨਫ਼ੇ ਨੁਕਸਾਨ ਤੋਂ ਉਪਰ ਉਠ ਚੁਕਿਆ ਸੀ। ਨੌਕਰੀ ਦਾ ਭਾਰ ਉਹ ਹੁਣ ਚੁਕਣਾ ਨਹੀਂ ਸੀ ਚਾਹੁੰਦਾ।

ਮੋਦੀਖਾਨੇ ਦਾ ਹਿਸਾਬ ਦੇ ਦਿਤਾ। ਜੋ ਵਧਦਾ ਸੀ, ਗ਼ਰੀਬਾਂ ਵਿਚ ਵੰਡਣ ਲਈ ਆਦੇਸ਼ ਦੇ ਦਿਤਾ । ਨੌਕਰੀ ਤੋਂ ਛੁੱਟੀ ਲਈ। ਪੁਸ਼ਾਕ ਬਦਲੀ। ਲੋਕਾਂ ਵਿਚ ਆਪਣੇ ਮਤ ਦਾ ਪਰਚਾਰ ਸ਼ੁਰੂ ਕਰ ਦਿਤਾ । ਭੇਖ ਨੂੰ ਦਲੇਰੀ ਨਾਲ ਭੰਡਣਾ ਅਰੰਭ ਕੀਤਾ :—

"ਬਹੁ ਭੇਖ ਕੀਆ ਦੇਹੀ ਦੁਖ ਦੀਆ
ਸਹੁ ਵੇ ਜੀਆ ਆਪਣਾ ਕੀਆ।"

ਅੰਦਰ ਤੇ ਬਾਹਰ ਦੇ ਫਰਕ ਦਾ ਨਾਨਕ ਨੇ ਸੰਗਤ ਅੱਗੇ ਨਿਰਣਾ ਕੀਤਾ। ਬਾਹਰੀ ਚਿੰਨ੍ਹਾਂ ਨਾਲ ਰੱਬ ਨੂੰ ਨਹੀਂ ਪਾਇਆ ਜਾ ਸਕਦਾ। ਪਖੰਡ ਅਤੇ ਛਲ ਦੇ ਖਿਲਾਫ਼ ਬੋਲਣਾ ਸ਼ੁਰੂ ਕੀਤਾ। ਨਾਨਕ ਨੇ ਕਿਹਾ, ਕਰਮ ਕਾਂਡ ਅਤੇ ਫੋਕਟ ਚਿੰਨ੍ਹਾਂ ਨਾਲ ਧਰਮ ਦਾ ਸੰਬੰਧ ਨਹੀਂ । ਧਰਮ ਅਮਲਾਂ ਨਾਲ ਹੈ। ਨਾ ਕੋ ਹਿੰਦੂ ਨਾ ਮੁਸਲਮਾਨ। ਚੰਗਾ ਹਿੰਦੂ, ਜਾਂ ਚੰਗਾ ਮੁਸਲਮਾਨ ਬਨਣਾ ਬਹੁਤ ਹੀ ਔਖਾ ਹੈ । ਇਸਨੂੰ ਇਸਲਾਮ ਦੇ ਵਿਰੁਧ ਬਗਾਵਤ ਦੱਸਿਆ ਗਿਆ। ਨਾਨਕ ਨੂੰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਨਾਨਕ ਨੇ ਬੜੀ ਨਿਮਰਤਾ ਪਰ ਦ੍ਰਿੜਤਾ ਨਾਲ ਕਿਹਾ :-

"ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾਂ ਮੁਸਲਮਾਣੁ ਕਹਾਵੈ
ਅਵਲਿ ਅਉਲਿ ਦੀਨੁ ਕਰਿ ਮਿਠਾ ਮੁਸਕਲ ਮਾਨਾ ਮਾਲੁ ਮੁਸਾਵੈ
ਹੋਇ ਮੁਸਲਿਮੁ ਦੀਨ ਮੁਹਾਵੈ ਮਰਣ ਜੀਵਣ ਕਾ ਭਰਮ ਚੁਕਾਵੈ
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪ ਗਵਾਵੈ
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤਉ ਮੁਸਲਮਾਣ ਕਹਾਵੈ।"

ਨਾਨਕ ਨਿੱਡਰ ਸੀ। ਉਸਨੇ ਕਿਹਾ ਕਿ ਕਪਟੀ ਤੇ ਛਲੀ ਹਿੰਦੂ ਤੇ ਮੁਸਲਮਾਣ ਤਾਂ ਬਹੁਤ ਹਨ । ਹਿੰਦੂ ਧਰਮ ਤੇ ਇਸਲਾਮ ਦੇ ਠੇਕੇਦਾਰ ਵੀ ਹਨ ਪਰ 'ਉਸ' ਦਾ ਨਾ ਕੋਈ ਹਿੰਦੂ, ਨਾ ਮੁਸਲਮਾਣ ਅਜੇ ਤੀਕ ਉਸ ਨੂੰ ਮਿਲਿਆ ਹੈ। ਅਸਲੀ ਹਿੰਦੂ ਤੇ ਅਸਲੀ ਮੁਸਲਮਾਣ ਨੂੰ ਲੱਭਣ ਲਈ ਨਾਨਕ ਨੇ ਸੁਲਤਾਨਪੁਰ ਛੱਡ ਦਿਤਾ।

ਨਾਨਕ ਦੀ ਉਮਰ ਤੀਹ ਵਰ੍ਹਿਆਂ ਦੀ ਹੋ ਗਈ ਸੀ।

੩

ਉਦਾਸੀਆਂ

ਨਾਨਕ ਨੂੰ ਆਪਣਾ ਆਲਾ ਦੁਆਲਾ ਪਸੰਦ ਨਹੀਂ ਸੀ। ਅਸ਼ਾਂਤੀ ਹੀ ਅਸ਼ਾਂਤੀ ਸੀ। ਮਜ਼ਬੀ ਖਿਚੋਤਾਣ, ਭੇਖ, ਵਹਿਮ, ਕਪਟ ਜੀਵਨ ਵਿਚ ਆਮ ਸੀ। ਲੋਕਾਂ ਵਿਚ ਗੁਲਾਮੀ, ਗਰੀਬੀ ਅਤੇ ਮੁਰਦਨੀ ਛਾਈ ਹੋਈ ਸੀ। ਨਾਨਕ ਨੇ ਇਨ੍ਹਾਂ ਨੂੰ ਬੜੀ ਹੀ ਸ਼ਿੱਦਤ ਨਾਲ ਮਹਿਸੂਸ ਕੀਤਾ। ਏਸ ਹਾਲਤ ਨੂੰ ਜਾਨਣ ਅਤੇ ਇਸਦੇ ਕਾਰਣਾਂ ਨੂੰ ਲੱਭਣ ਲਈ ਕੋਸ਼ਿਸ਼ ਕੀਤੀ। ਨਿੱਜੀ ਸੁਖ ਨਾਨਕ ਦਾ ਜੀਵਨ ਨਾ ਬਣ ਸਕਿਆ। ਲੋਕ-ਸੁਖ ਅਤੇ ਲੋਕ-ਕਲਿਆਣ ਉਨ੍ਹਾਂ ਦਾ ਜੀਵਨ ਉਦੇਸ਼ ਬਣ ਗਿਆ।

ਲੋਕ-ਪੀੜਾ ਨੂੰ ਜਾਨਣ ਲਈ ਲੋਕਾਂ ਕੋਲ ਜਾਣਾ ਜ਼ਰੂਰੀ ਸੀ। ਲੋਕਾਂ ਵਿਚ ਕੰਮ ਕੀਤੇ ਬਿਨਾ ਲੋਕ-ਕਲਿਆਣ ਦੀ ਗੱਲ ਥੋਥੀ ਹੈ। ਧਰਮ ਅਤੇ ਧਾਰਮਕ ਕੇਂਦਰ ਲੋਕਾਂ ਦੀ ਸੋਚਣੀ ਵਿਚ ਫ਼ਰਕ ਲਿਆ ਸਕਦੇ ਸਨ। ਇਸ ਲਈ ਨਾਨਕ ਨੇ ਫ਼ੈਸਲਾ ਕੀਤਾ ਕਿ ਧਾਰਮਕ ਕੇਂਦਰਾਂ ਤੇ ਜਾਇਆ ਜਾਵੇ। ਵਿਚਾਰ-ਵਟਾਂਦਰਾ ਕੀਤਾ ਜਾਵੇ। ਕਥਨੀ ਤੇ ਕਰਨੀ ਦੇ ਫ਼ਰਕ ਨੂੰ ਸਮਝਾਇਆ ਜਾਵੇ। ਵਧ ਚੁੱਕੇ ਭੇਖ ਨੂੰ ਨੰਗਾ ਕੀਤਾ ਜਾਵੇ। ਬਾਹਰੀ ਚਿੰਨ੍ਹਾਂ ਤੇ ਜ਼ੋਰ ਨੂੰ ਘਟਾਇਆ ਜਾਵੇ। ਸੱਚ ਬੋਲਿਆ ਜਾਵੇ, ਸੱਚ ਦਸਿਆ ਜਾਵੇ ਅਤੇ ਸੱਚ ਦਾ ਰਾਹ ਲੋਕਾਂ ਨੂੰ ਵਿਖਾਇਆ ਜਾਵੇ।

ਨਾਨਕ ਆਪਣੇ ਸਮੇਂ ਅਤੇ ਸਮਾਜ ਦੇ ਸੰਬੰਧਾਂ ਤੋਂ ਪਰਭਾਵਤ ਹੋਏ। ਜੀਵਨ ਵਿਚ ਸਮਾਜਕ ਕੀਮਤਾਂ ਨਾਲ ਟਕਰਾਏ। ਗਲਤ ਕੀਮਤਾਂ ਦਾ ਮੁਕਾਬਲਾ ਕੀਤਾ। ਸਮਾਜ ਦੀ ਰਾਜਸੀ, ਧਾਰਮਕ, ਅਤੇ ਆਰਥਕ, ਸਥਿਤੀ ਤੇ

ਟੀਕਾ-ਟਿੱਪਣੀ ਕੀਤੀ। ਆਪਣੇ ਸਮਾਜ ਦੇ ਆਦਰਸ਼ ਨੂੰ ਲੋਕਾਂ ਅੱਗੇ ਰਖਿਆ। ਸੁਲਤਾਨ ਪੁਰ ਦੇ ਲੋਕਾਂ ਉਸਨੂੰ ਸਵੀਕਾਰ ਵੀ ਕੀਤਾ। ਨਾਨਕ ਨੂੰ ਆਪਣੀ ਪ੍ਰਤਿਭਾ ਦਾ ਅਹਿਸਾਸ ਹੋਇਆ। ਲੋਕਾਂ ਦੇ ਵਿਸ਼ਵਾਸ਼ ਨੇ ਉਸਨੂੰ ਲੋਕਾਂ ਵਿਚ ਜਾਣ ਲਈ ਪਰੇਰਨਾ ਦਿੱਤੀ। ਹੁਣ ਤੀਕ ਉਹ ਰਾਜੇ ਤੇ ਪਰਜਾ ਦੇ ਸੰਬੰਧਾਂ ਨੂੰ ਸਮਝ ਚੁਕੇ ਸਨ, ਨੌਕਰਸ਼ਾਹੀ ਦਾ ਉਨ੍ਹਾਂ ਨੂੰ ਤਜਰਬਾ ਹੋ ਚੁਕਿਆ ਸੀ, ਧਰਮ ਅਤੇ ਭੇਖ ਵਿਚਕਾਰ ਫਸੀ ਜਨਤਾ ਨੇ ਉਨ੍ਹਾਂ ਨੂੰ ਹਲੂਣਿਆ ਸੀ, ਅਮੀਰ ਅਤੇ ਗਰੀਬ ਦੇ ਫ਼ਰਕ ਨੇ ਉਨ੍ਹਾਂ ਨੂੰ ਦੁਖੀ ਕੀਤਾ ਸੀ। ਉਹ ਤੰਗ ਆ ਗਏ ਸਨ ! ਛੁਟਕਾਰਾ ਚਾਹੁੰਦੇ ਸਨ।

ਛੁਟਕਾਰਾ ਔਖਾ ਵੀ ਸੀ। ਸਭ ਕੁਝ ਛਡਣਾ ਤੇ ਲੋਕਾਂ ਵਿਚ ਕੰਮ ਕਰਨਾ ਏਨਾ ਆਸਾਨ ਨਹੀਂ, ਜਿਨ੍ਹਾਂ ਕਈ ਵਾਰ ਲਗਦਾ ਹੈ ! ਬੀਵੀ, ਬਚਿਆਂ ਨੂੰ ਛੱਡਣਾ, ਭੈਣ-ਭਰਾ ਦੇ ਮੋਹ ਨੂੰ ਤਿਆਗਣਾ, ਦੋਸਤਾਂ ਤੋਂ ਅਲਵਿਦਾ ਲੈਣੀ, ਮਾਂ ਦੀ ਮਮਤਾ ਅਤੇ ਬਾਪ ਦੇ ਪਿਆਰ ਨੂੰ ਤਿਆਗਣਾ, ਸੁਖ, ਆਰਾਮ ਛੱਡਣਾ ਬਹੁਤ ਮੁਸ਼ਕਲ ਹੈ। ਪਰ ਨਾਨਕ ਆਪਣੇ ਫੈਸਲੇ ਦਾ ਪੱਕਾ ਸੀ। ਉਸਨੂੰ ਆਪਣੇ ਜੀਵਨ ਦਾ ਰਾਹ ਮਿਲ ਗਿਆ ਸੀ। ਉਹ ਰਾਹ ਸੀ ਨਿੱਜ ਨੂੰ ਪਰ ਨਾਲ ਮਿਲਾਉਣ ਦਾ, ਜੋੜਨ ਦਾ, ਇਕਸੁਰ ਕਰਨ ਦਾ।

ਨਾਨਕ ਆਪਣੇ ਸਮੇਂ ਦਾ ਬਹੁਤ ਵੱਡਾ ਯਾਤਰੀ ਸੀ। ਹਜ਼ਾਰਾਂ ਮੀਲ ਪੈਦਲ ਟੁਰਨਾ ਆਸਾਨ ਨਹੀਂ। ਉਨ੍ਹਾਂ ਦੀ ਯਾਤਰਾ ਸੈਰ ਨਹੀਂ ਸੀ। ਨਾ ਸ਼ਹਿਰਾਂ ਨੂੰ ਵੇਖਣਾ, ਉਨ੍ਹਾਂ ਦਾ ਮੰਤਵ ਸੀ। ਸਫ਼ਰ ਉਨ੍ਹਾਂ ਲਈ ਸਾਧਨ ਸੀ, ਅੰਤ ਨਹੀਂ। ਉਨ੍ਹਾਂ ਦਿਨਾਂ ਵਿਚ ਸਫਰ ਅੱਜ ਵਾਂਗ ਆਸਾਨ ਤੇ ਖ਼ਤਰੇ ਤੋਂ ਖਾਲੀ ਨਹੀਂ ਸਨ। ਨਾਨਕ ਬਹਾਦੁਰ ਸੀ, ਦਲੇਰ ਸੀ ਅਤੇ ਸਿਰਲੱਥ ਸੀ। ਕੋਈ ਡਰ ਅਤੇ ਲਾਲਚ ਨਾਨਕ ਨੂੰ ਉਸ ਦੇ ਰਾਹ ਤੋਂ ਰੋਕ ਨਾ ਸਕਿਆ।

ਲੰਮੇ ਸਫ਼ਰ ਤੋਂ ਪਹਿਲਾਂ ਉਹ ਮਾਂ-ਬਾਪ ਤੋਂ ਇਜਾਜ਼ਤ ਲੈਣੀ ਚਾਹੁੰਦਾ ਸੀ। ਸੁਲਤਾਨਪੁਰ ਤੋਂ ਲਾਹੌਰ ਸੱਠ ਮੀਲ ਅਤੇ ਲਾਹੌਰ ਤੋਂ ਤਲਵੰਡੀ ਚਾਲੀ ਮੀਲ ਸੀ। ਸੌ ਮੀਲ। ਪਰ ਨਾਨਕ ਨੇ ਤਾਂ ਕਈ ਸੈਂਕੜੇ, ਨਹੀਂ, ਨਹੀਂ, ਹਜ਼ਾਰਾਂ ਮੀਲ ਸਫਰ ਕਰਨ ਦਾ ਇਰਾਦਾ ਬਣਾ ਲਿਆ ਹੋਇਆ ਸੀ। ਲਾਹੌਰ ਪਹੁੰਚੇ। ਜਵਾਹਰਮਲ ਦੇ ਚੌ-ਹੱਟੇ ਡੇਰਾ ਲਾਇਆ। ਉਥੇ ਕਸਾਈ ਗਾਈਆਂ ਤੇ ਬਕਰੇ ਜ਼ਿਬਹ ਕਰ ਰਹੇ ਸਨ ਅਤੇ ਅਲ੍ਹਾ ਦਾ ਨਾਂ ਲੈ ਕੇ ਤਕਬੀਰ ਦਾ ਕਲਮਾ ਪੜ੍ਹ ਕੇ, ਕਰ ਰਹੇ ਸਨ। ਇਸ ਵਿਸ਼ਵਾਸ਼ ਨਾਲ ਕਿ ਅਲ੍ਹਾ ਖੁਸ਼ ਹੋਵੇਗਾ। ਨਾਨਕ ਨੇ ਉਨ੍ਹਾਂ ਨੂੰ ਸਮਝਾਇਆ ਕਿ ਇਹ ਤੁਹਾਡੀ ਖੁਸ਼ੀ ਲਈ ਤਾਂ ਠੀਕ ਹੈ। ਤੁਹਾਡਾ ਸੁਆਰਥ ਇਸ ਨਾਲ ਪੂਰਾ ਹੁੰਦਾ ਹੈ। ਪੈਸੇ ਮਿਲਦੇ ਹਨ। ਵਿਉਪਾਰ ਹੈ। ਅਲ੍ਹਾ ਨੂੰ ਆਪਣੇ ਵਿਉਪਾਰ ਵਿਚ ਨਹੀਂ ਲਿਆਉਣਾ ਚਾਹੀਦਾ। ਏਸੇ ਤਰ੍ਹਾਂ ਦੁਨੀਚੰਦ ਖਤਰੀ ਦੇ ਘਰ ਸਰਾਧ ਖਾਣ ਤੋਂ ਇਨਕਾਰ ਕਰ ਦਿਤਾ। ਨਾਨਕ ਨੇ ਕਿਹਾ ਕਿ ਮਰ ਚੁਕਿਆਂ ਨੂੰ

ਰੋਟੀ ਨਹੀਂ ਪਹੁੰਚ ਸਕਦੀ । ਰਸਮ ਕਾਰਨ ਸ਼ਰਾਧ ਨਹੀਂ ਕਰਨਾ ਚਾਹੀਦਾ। ਮਨੁਖ ਨੂੰ ਸੂਝ ਏਸ ਲਈ ਮਿਲੀ ਹੈ ਕਿ ਉਹ ਹਰ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੇ ।

ਤਲਵੰਡੀ ਪਹੁੰਚੇ। ਪੁਤਰ ਦਾ ਫਕੀਰੀ ਵੇਸ ਵੇਖ ਕੇ ਮਾਂ ਤਰਿਪਤਾ ਦੀਆਂ ਅਖਾਂ ਵਿਚ ਹੰਝੂ ਹੀ ਹੰਝੂ ਅਤੇ ਮਾਹਿਤਾ ਕਾਲੂ ਦੀਆਂ ਅਖਾਂ ਵਿਚ ਗੁੱਸਾ ਹੀ ਗੁਸਾ। ਨਾਨਕ ਨੇ ਉਨ੍ਹਾਂ ਦੇ ਪੈਰੀਂ ਹਥ ਲਾਏ ਤੇ ਆਸ਼ੀਰਵਾਦ ਮੰਗਿਆ। ਨਾਨਕ ਨੇ ਜਿਸ ਰਾਹ ਤੇ ਟੁਰਨ ਲਈ ਬਾਪ ਦਾ ਘਰ ਛਡਿਆ ਸੀ, ਬਾਪ ਦਾ ਘਰ ਤੇ ਮਾਂ ਦੀ ਮਮਤਾ ਹੁਣ ਵੀ ਉਸਨੂੰ ਉਸਦੇ ਰਾਹ ਤੋਂ ਰੋਕ ਨਾ ਸਕੀ।

ਸੈਦਪੁਰ। ਨਾਨਕ ਤੇ ਮਰਦਾਨਾ ਭਾਈ ਲਾਲੋ ਦੇ ਮਹਿਮਾਨ ਸਨ । ਭਾਈ ਲਾਲੋ ਗਰੀਬ ਸੀ, ਨੀਵੀਂ ਜ਼ਾਤ ਦਾ ਸੀ ਪਰ ਸੀ ਇਮਾਨਦਾਰ ਤੇ ਰੱਬ ਦਾ ਭਗਤ। ਨਾਨਕ ਨੂੰ ਏਥੇ ਸ਼ਾਂਤੀ ਮਿਲਦੀ ਸੀ । ਮਰਦਾਨਾ ਰਬਾਬ ਵਜਾਉਂਦਾ, ਨਾਨਕ ਕੀਰਤਨ ਕਰਦਾ, ਸਰੂਰ ਜਿਹਾ ਛਾ ਜਾਂਦਾ । ਪਹੁੰਚਿਆ ਹੋਇਆ ਸਾਧੂ ਸੈਦਪੁਰ ਵਿਚ ਆਇਆ ਹੈ, ਬੜਾ ਹੀ ਮਧੁਰ ਕੀਰਤਨ ਕਰਦਾ ਹੈ, ਮਿਠੇ ਬੋਲ ਨੇ ਉਸਦੇ। ਬੜਾ ਹੀ ਪਰਭਾਵਸ਼ਾਲੀ ਹੈ। ਨਾਨਕ ਦੀ ਮਹਿਮਾ ਫੈਲ ਗਈ । ਉਨ੍ਹਾਂ ਦਿਨਾਂ ਵਿਚ ਹੀ ਸੈਦਪੁਰ ਦੇ ਅਹਿਲਕਾਰ ਮਲਕ ਭਾਗੋ ਦੇ ਘਰ ਬੜਾ ਭਾਰੀ ਜੱਗ ਸੀ। ਨਾਨਕ ਦੀ ਸਰੋਤ ਸੁਣ ਕੇ ਮਲਕ ਭਾਗੋ ਨੇ ਮਰਦਾਨੇ ਤੇ ਨਾਨਕ ਨੂੰ ਜੱਗ ਵਿਚ ਸ਼ਾਮਲ ਹੋਣ ਲਈ ਸੁਨੇਹਾ ਭੇਜਿਆ। ਨਾਨਕ ਲਾਲੋ ਕੋਲੋਂ ਭਾਗੋ ਬਾਰੇ ਸਭ ਕੁਝ ਜਾਣ ਚੁਕਿਆ ਸੀ ਕਿ ਉਹ ਕਿਵੇਂ ਰਿਸ਼ਵਤਾਂ ਖਾਂਦਾ ਹੈ, ਚੋਰੀਆਂ ਕਰਦਾ ਹੈ ਅਤੇ ਲੋਕਾਂ ਨੂੰ ਦੁਖੀ ਕਰਦਾ ਹੈ । ਅਜਿਹੇ ਵਾਤਾਵਰਣ ਦੇ ਵਿਰੁਧ ਹੀ ਤਾਂ ਨਾਨਕ ਸੀ। ਨਾਨਕ ਕਿਵੇਂ ਓਥੇ ਜਾ ਸਕਦਾ ਸੀ। ਨਾਨਕ ਨਾ ਗਿਆ । ਮਲਕ ਭਾਗੋ ਨੇ ਆਪਣੀ ਬੇਇਜ਼ਤੀ ਸਮਝੀ। ਭਾਗੋ ਨੂੰ ਹਕੂਮਤ ਦਾ ਨਸ਼ਾ ਸੀ। ਹਕੂਮਤ ਦੇ ਜ਼ੋਰ ਨਾਲ ਨਾਨਕ ਅਤੇ ਮਰਦਾਨੇ ਨੂੰ ਆਪਣੇ ਘਰ ਬੁਲਾਇਆ—

ਭਾਗੋ—ਤੁਸੀਂ ਮੇਰਾ ਸੱਦਾ-ਪੱਤਰ ਕਿਉਂ ਪਰਵਾਨ ਨਹੀਂ ਕੀਤਾ ?

ਨਾਨਕ—ਮਨ ਨਹੀਂ ਮੰਨਿਆ।

ਭਾਗੋ—ਤੁਹਾਡੀ ਜਾਤ ਕੀ ਹੈ ?

ਨਾਨਕ—ਇਨਸਾਨੀਅਤ ।

ਭਾਗੋ—ਇਸ ਸੂਦਰ ਦੇ ਘਰ ਕਿਉਂ ਰਹਿੰਦੇ ਹੋ ?

ਨਾਨਕ—ਮਨ ਦੀ ਮੌਜ।

ਭਾਗੋ—ਇਹ ਮੇਰੀ ਬੇਇਜ਼ਤੀ ਹੈ।

ਨਾਨਕ—ਤੁਹਾਡੇ ਘਰ ਰਹਿਣਾ ਤੇ ਖਾਣਾ ਰਬ ਦੀ ਬੇਇਜ਼ਤੀ ਹੈ।

ਭਾਗੋ—ਕਿਉਂ ?

ਨਾਨਕ—ਤੁਸੀਂ ਲੋਕਾਂ ਦਾ ਖ਼ੂਨ ਚੂਸਦੇ ਹੋ।

ਭਾਗੋ—ਬਕਵਾਸ ਨਾ ਕਰ।

ਨਾਨਕ—ਹਕ ਦੀ ਕਮਾਈ ਕਰ। ਫੇਰ ਜੱਗ ਕਰ, ਜ਼ਰੂਰ ਆਵਾਂਗੇ।

ਨਾਨਕ ਨੇ ਸੈਦਪੁਰ ਛਡ ਦਿਤਾ ਅਤੇ ਹਰਿਦੁਆਰ ਨੂੰ ਟੁਰ ਪਏ। ਹਰਿਦੁਆਰ ਲਗ ਭਗ ਚਾਰ ਸੌ ਮੀਲ ਦੂਰ ਸੀ। ਹਰਿਦੁਆਰ ਹਿੰਦੂਆਂ ਦਾ ਬੜਾ ਤੀਰਥ ਸਥਾਨ ਹੈ। ਏਥੋਂ ਦੇ ਇਸ਼ਨਾਨ ਦਾ ਬੜਾ ਮਹਾਤਮ ਸਮਝਿਆ ਜਾਂਦਾ ਹੈ। ਮੌਤ ਪਿੱਛੋਂ ਅਸਥੀਆਂ ਏਥੇ ਹੀ ਰੋੜ੍ਹੀਆਂ ਜਾਂਦੀਆਂ ਹਨ। ਕੁੰਭ ਦਾ ਵੱਡਾ ਮੇਲਾ ਲਗਦਾ ਹੈ। ਧਾਰਮਕ ਕੇਂਦਰ ਹੈ। ਨਾਨਕ ਨੂੰ ਏਥੇ ਪਹੁੰਚਣ ਲਈ ਛੇ ਮਹੀਨੇ ਲੱਗੇ।

ਵਿਸਾਖੀ ਵਾਲ ਦਿਨ ਬੜੀ ਹੀ ਭੀੜ ਸੀ। ਸ਼ਰਧਾਲੂ ਇਸ਼ਨਾਨ ਕਰਦੇ ਅਤੇ ਚੜ੍ਹਦੇ ਪਾਸੇ ਮੂੰਹ ਕਰਕੇ ਪਾਣੀ ਦੀਆਂ ਚੂਲੀਆਂ ਉਛਾਲਦੇ। ਗੁਰੂ ਜੀ ਨੂੰ ਬੜਾ ਅਜੀਬ ਲਗਿਆ। ਪੁਛਣ ਤੇ ਪਤਾ ਲਗਿਆ ਕਿ ਪਿਤਰਾਂ ਨੂੰ ਪਾਣੀ ਦਿੱਤਾ ਜਾ ਰਿਹਾ ਹੈ। ਨਾਨਕ ਨੇ ਲਹਿੰਦੇ ਪਾਸੇ ਮੂੰਹ ਕਰਕੇ ਪਾਣੀ ਉਛਾਲਣਾ ਸ਼ੁਰੂ ਕਰ ਦਿਤਾ। ਹਾਹਾਕਾਰ ਮਚ ਗਈ।

ਪਹਿਲਾ—ਬੁੱਧੂ, ਜਿਸਨੂੰ ਇਹ ਵੀ ਨਹੀਂ ਪਤਾ ਕਿ ਪਾਣੀ ਕਿਧਰੋਂ ਦੇਈਦਾ ਹੈ।

ਦੂਜਾ—ਅਧਰਮੀ।

ਤੀਜਾ—ਸਮਝਾ ਦੇਈਏ, ਵਿਚਾਰੇ ਨੂੰ ਨਹੀਂ ਪਤਾ ਹੋਣਾ।

ਚੌਥਾ—ਭਾਈ, ਚੜ੍ਹਦੇ ਪਾਸਿਓਂ ਪਾਣੀ ਦੇਈਦਾ ਹੈ, ਤੂੰ ਕਿਉਂ ਲਹਿੰਦੇ ਪਾਸਿਉਂ ਪਾਣੀ ਦੇ ਰਿਹਾ ਏ। ਪਾਪ ਲਗੂਗਾ।

ਨਾਨਕ—ਮੈਂ ਤਾਂ ਆਪਣੇ ਪਿੰਡ ਤਲਵੰਡੀ, ਖੇਤਾਂ ਨੂੰ ਪਾਣੀ ਦੇ ਰਿਹਾ ਹਾਂ।

ਪਹਿਲਾ—ਏਸ ਤਰ੍ਹਾਂ ਤੇਰੇ ਖੇਤਾਂ ਨੂੰ ਪਾਣੀ ਕਿਵੇਂ ਪਹੁੰਚ ਸਕਦਾ ਹੈ?

ਨਾਨਕ—ਜੇ ਤਿੰਨ ਸੌ ਮੀਲ ਤੇ ਖੇਤਾਂ ਨੂੰ ਮੇਰਾ ਉਛਾਲਿਆ ਪਾਣੀ ਨਹੀਂ ਪਹੁੰਚ ਸਕਦਾ, ਤਾਂ ਅਨੰਤ ਮੀਲ ਦੂਰ ਤੁਹਾਡੇ ਪਿੱਤਰਾਂ ਨੂੰ ਕਿਵੇਂ ਪਹੁੰਚਦਾ ਹੈ।

ਚੁੱਪ ਛਾ ਗਈ। ਇਸ਼ਨਾਨ ਕਰਨ ਵਾਲੇ ਸੋਚਾਂ ਵਿਚ ਪੈ ਗਏ।

ਨਾਨਕ ਦੇ ਪਹਿਰਾਵੇ ਤੋਂ ਅਨੁਮਾਨ ਲਾਉਣਾ ਮੁਸਕਲ ਸੀ ਕਿ ਉਹ ਹਿੰਦੂ ਹੈ ਜਾਂ ਮੁਸਲਮਾਨ। ਪੀਲਾ ਚੋਗਾ, ਚਿੱਟਾ ਗੁਲੂਬੰਦ ਅਤੇ ਸਿਰ ਤੇ ਮੁਸਲਮਾਨਾਂ ਵਾਲੀ ਟੋਪੀ ਤੇ ਮੱਥੇ ਉਤੇ ਟੀਕਾ। ਲੋਕੀ ਹੈਰਾਨੀ ਨਾਲ ਪੁੱਛਦੇ ਕਿ ਇਹ ਹੈ ਕੌਣ। ਉਸਦਾ ਸਾਥੀ ਮਰਦਾਨਾ ਜੇ ਮੁਸਲਮਾਨ ਸੀ ਤਾਂ ਬਾਲਾ ਹਿੰਦੂ। ਉਹ ਜੇ ਹਿੰਦੂਆਂ ਦੇ ਭੇਖ ਨੂੰ ਭੰਡਦਾ ਸੀ ਤਾਂ ਮੁਸਲਮਾਨਾਂ ਦੇ ਛਲ-ਕਪਟ ਦੀ ਵੀ ਨਿੰਦਿਆ ਕਰਦਾ ਸੀ। ਉਹ ਇਨਸਾਨ ਸੀ। ਇਨਸਾਨੀਅਤ ਦਾ ਹੀ ਉਸ ਕੋਲ ਪੈਗਾਮ ਸੀ।

ਇਹੋ ਪੈਗਾਮ ਉਹ ਥਾਂ ਥਾਂ ਦੇਂਦੇ, ਅੱਜੁਧਿਆ, ਪਰਯਾਗ ਤੋਂ ਹੋ ਕੇ ਉਹ ਹਿੰਦੂਆਂ ਦੇ ਇਕ ਹੋਰ ਪਰਸਿਧ ਤੀਰਥ ਬਨਾਰਸ ਪਹੁੰਚੇ। ਲੋਕਾਂ ਦਾ ਵਿਸਵਾਸ ਸੀ ਕਿ

ਕਾਂਸ਼ੀ ਵਿਚ ਮਰਨ ਵਾਲੇ ਨੂੰ ਮੁਕਤੀ ਮਿਲਦੀ ਹੈ ਪਰ ਨਾਨਕ ਨੇ ਦਸਿਆ ਕਿ ਮੁਕਤੀ ਕਿਸੇ ਵਿਸ਼ੇਸ਼ ਸਥਾਨ ਤੇ ਨਹੀਂ ਪਰਾਪਤ ਹੋ ਸਕਦੀ। ਮੁਕਤੀ ਦਾ ਰਾਹ ਇਕੋ ਹੈ......ਉਹ ਹੈ ਮਾਇਆ ਦਾ ਤਿਆਗ। ਪੰਡਿਤ ਚਤੁਰਦਾਸ ਨਾਲ ਵੈਸ਼ਨਵ ਮਤ ਬਾਰੇ ਵਿਚਾਰ ਵਟਾਂਦਰਾ ਇਥੇ ਹੋਇਆ। ਕਬੀਰ ਦੀਆਂ ਰਚਨਾਵਾਂ ਨੂੰ ਸਾਂਭਣਾ ਏਸੇ ਸਥਾਨ ਨਾਲ ਜੋੜਿਆ ਜਾਂਦਾ ਹੈ।

ਬਨਾਰਸ ਉਸ ਵੇਲੇ ਵੀ ਵਿਦਿਅਕ-ਕੇਂਦਰ ਸੀ। ਗਿਆਨ, ਵਿਵੇਚਨ ਅਤੇ ਖ਼ਿਆਲਾਂ ਦੇ ਵਿਚਾਰ-ਵਟਾਂਦਰੇ ਬਹੁਤ ਹੁੰਦੇ ਸਨ। ਅਖਾੜਾ ਸੀ—ਗਿਆਨ ਦੇ ਘੋਲ ਦਾ। ਬਹਿਸਾਂ ਹੁੰਦੀਆਂ। ਆਪਣੇ ਆਪਣੇ ਮਤ ਦੱਸੇ ਜਾਂਦੇ। ਮਤ ਦੀ ਪੁਸ਼ਟੀ ਲਈ ਸ਼ਾਸਤ੍ਰਾਂ ਵਿਚੋਂ ਹਵਾਲੇ ਦਿੱਤੇ ਜਾਂਦੇ। ਨਾਨਕ ਨੂੰ ਅਮਲ ਘੱਟ ਨਜ਼ਰ ਆਇਆ। ਨਾਨਕ ਨਾਲ ਵੀ ਵਿਚਾਰ-ਵਟਾਂਦਰਾ ਹੋਇਆ।

ਪੰਡਤ—ਤੁਸੀਂ ਹਿੰਦੂ ਪੋਸ਼ਾਕ ਕਿਉਂ ਨਹੀਂ ਪਾਉਂਦੇ।

ਨਾਨਕ—ਮਨ ਦਾ ਹਿੰਦੂ ਹੋਣਾ ਚਾਹੀਦਾ ਹੈ।

ਪੰਡਤ—ਤੁਸੀਂ ਹਿੰਦੂਆਂ ਦੇ ਧਾਰਮਕ ਗ੍ਰੰਥ ਪੜ੍ਹੇ ਹਨ।

ਨਾਨਕ—ਮੈਂ ਉਸਨੂੰ ਜਾਨਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਜਿਸ ਦੇ ਸੰਬੰਧ ਵਿਚ ਇਹ ਗ੍ਰੰਥ ਪੜ੍ਹੇ ਤੇ ਲਿਖੇ ਗਏ ਹਨ।

ਪੰਡਤ—ਪੜ੍ਹਨਾ ਤਾਂ ਚਾਹੀਦਾ ਹੈ।

ਨਾਨਕ—ਨਿਰੇ ਪੜ੍ਹਨ ਦਾ ਕੀ ਲਾਭ, ਜੇ ਉਸ ਬਾਰੇ ਅਨੁਭਵ ਨਾ ਕੀਤਾ ਜਾਵੇ।

ਨਾਨਕ ਅਨੁਭਵ ਤੇ ਜ਼ੋਰ ਦੇਂਦਾ ਸੀ। ਗਿਆਨ ਅਨੁਭਵ ਬਿਨਾਂ ਅਧੂਰਾ ਹੈ, ਫੋਕਾ ਹੈ—ਇਹ ਵਿਸ਼ਵਾਸ਼ ਸੀ। ਏਸੇ ਦਾ ਪਰਚਾਰ ਕਰਨ ਲਈ ਉਹ ਵਖ ਵਖ ਧਾਰਮਕ ਸਥਾਨਾਂ ਤੇ ਗਏ।

ਮਹਾਤਮਾ ਬੁੱਧ ਨੂੰ ਗਯਾ ਸਥਾਨ ਤੇ ਨਿਰਵਾਨ ਪਰਾਪਤ ਹੋਇਆ ਸੀ। ਬਨਾਰਸ ਤੋਂ ਨਾਨਕ ਤੇ ਉਨ੍ਹਾਂ ਦੇ ਸਾਥੀ ਗਯਾ ਪਹੁੰਚੇ। ਇਹ ਸਥਾਨ ਬੋਧੀਆਂ ਦੇ ਨਾਲ ਨਾਲ ਹਿੰਦੂਆਂ ਲਈ ਵੀ ਪਵਿੱਤਰ ਹੈ। ਮਰ ਚੁਕਿਆਂ ਦੀ ਸ਼ਾਂਤੀ ਲਈ ਲੋਕ ਪਿੰਡ ਭਰਾਉਂਦੇ, ਪੁਜਾਰੀਆਂ ਨੂੰ ਮਾਇਆ ਭੇਟ ਕਰਦੇ। ਪੁਜਾਰੀ ਉਨ੍ਹਾਂ ਦੇ ਸਥਾਨ ਤੇ ਪਾਠ ਕਰਦੇ। ਲੋਕਾਂ ਦਾ ਵਿਸ਼ਵਾਸ ਸੀ ਕਿ ਮਾਇਆ ਦੇਣ ਨਾਲ ਉਨ੍ਹਾਂ ਦੇ ਪਿਤਰਾਂ ਨੂੰ ਮੁਕਤੀ ਪਰਾਪਤ ਹੋ ਜਾਵੇਗੀ। ਨਾਨਕ ਨੇ ਸਿੱਧੇ ਸਾਦੇ ਲੋਕਾਂ ਨੂੰ ਸਮਝਾਇਆ ਕਿ ਪੁਜਾਰੀ ਲਾਲਚੀ ਹਨ ਤੇ ਕਿਸੇ ਨੂੰ ਮੁਕਤੀ ਇਸ ਰਾਹ ਨਾਲ ਨਹੀਂ ਮਿਲ ਸਕਦੀ।

ਨਾਨਕ ਦੇ ਵਿਚਾਰ ਨਵੇਂ ਸਨ, ਸੱਜਰੇ ਸਨ। ਲੋਕਾਂ ਨੂੰ ਪਰਭਾਵਤ ਕਰਦੇ। ਲੋਕਾਂ ਨੇ ਉਨ੍ਹਾਂ ਨੂੰ ਵੀ ਮੱਥਾ ਟੇਕਣਾ ਸ਼ੁਰੂ ਕਰ ਦਿਤਾ। ਉਨ੍ਹਾਂ ਅਗੇ ਵੀ ਚੜ੍ਹਾਵੇ ਚੜ੍ਹਾਉਣੇ ਸ਼ੁਰੂ ਕਰ ਦਿੱਤੇ। ਨਾਨਕ ਦੀ ਨੀਯਤ ਅਤੇ ਪੁਜਾਰੀਆਂ ਦੀ ਨੀਯਤ

ਵਿਚ ਬੜ੍ਹਾ ਫ਼ਰਕ ਸੀ। ਪੁਜਾਰੀ ਜਿਥੇ ਲੋਕਾਂ ਤੋਂ ਬਹੁਤ ਕੁਝ ਲੈਂਦੇ ਸਨ; ਅੰਨ, ਸੋਨਾ, ਪੈਸੇ, ਫਲ, ਹੀਰੇ ਤੇ ਮੋਤੀ, ਓਥੇ ਨਾਨਕ ਉਨ੍ਹਾਂ ਤੋਂ ਕੁਝ ਨਹੀਂ ਸੀ ਲੈਂਦਾ। ਅਮੀਰ ਜੇ ਦੇਣ ਉਤੇ ਜ਼ਿਦ ਕਰਦੇ ਤਾਂ ਨਾਨਕ ਉਨ੍ਹਾਂ ਨੂੰ ਗਰੀਬਾਂ ਲਈ ਕੁਝ ਚੰਗਾ ਕਰਨ ਦਾ ਉਪਦੇਸ਼ ਦੇਂਦੇ। ਨਾਨਕ ਪੁਜਾਰੀਆਂ ਦੇ ਲਾਲਚ ਦੇ ਖ਼ਿਲਾਫ਼ ਸੀ। ਉਹ ਧਰਮ ਘਟ ਕਮਾਉਂਦੇ ਤੇ ਮਾਇਆ ਖ਼ੂਬ ਬਣਾਉਂਦੇ ਸਨ। ਨਾਨਕ ਮਾਇਆ ਨੂੰ ਇਨਸਾਨ ਦਾ ਦੁਸ਼ਮਨ ਮੰਨਦਾ ਸੀ। ਉਸਦਾ ਵਿਚਾਰ ਸੀ ਕਿ ਮਾਇਆ ਇਨਸਾਨ ਲਈ ਹੈ, ਇਨਸਾਨ ਮਾਇਆ ਲਈ ਨਹੀਂ। ਪੁਜਾਰੀ ਮਾਇਆ, ਹੋਰ ਮਾਇਆ, ਇਕੱਠੀ ਕਰਨ ਵਿਚ ਲੱਗੇ ਹੋਏ ਸਨ ਤੇ ਨਾਨਕ ਮਾਇਆ ਦੇ ਜੰਜ਼ਾਲ ਨੂੰ ਛੱਡ ਕੇ ਆਇਆ ਸੀ। ਉਸ ਦੀ ਗੱਲ ਵਿਚ ਅਸਰ ਸੀ। ਉਹ ਤਿਆਗੀ ਸੀ। ਪੁਜਾਰੀ ਤਿਆਗ ਦਾ ਉਪਦੇਸ਼ ਤਾਂ ਦੇਂਦੇ ਸਨ ਪਰ ਆਪ ਤਿਆਗੀ ਨਹੀਂ ਸਨ। ਨਾਨਕ ਵਖਰਾ ਸੀ, ਪਰਭਾਵਸ਼ਾਲੀ ਸੀ, ਸੱਚਾ ਸੀ, ਲੋਕਾਂ ਨੂੰ ਵੀ ਚੰਗਾ ਲਗਦਾ ਸੀ।

ਮਾਇਆ ਨਾਨਕ ਨੂੰ ਮੋਹ ਨਾ ਸਕੀ। ਹੁਣ ਔਰਤ ਦੇ ਜਾਦੂ ਦੀ ਵਾਰੀ ਸੀ। ਨਾਨਕ ਤੇ ਮਰਦਾਨਾ ਹੁਣ ਆਸਾਮ ਦੇ ਇਲਾਕੇ ਵਿਚ ਸਨ। ਕਾਮਰੂਪ ਸਥਾਨ ਤੇ ਕਾਮ ਪਰਧਾਨ ਸੀ। ਨੂਰਸ਼ਾਹ ਦਾ ਰਾਜ ਸੀ। ਜਾਦੂਗਰਨੀ ਸੀ ਉਹ। ਸੁੰਦਰਤਾ, ਸੰਗੀਤ, ਨਾਚ, ਅਦਾ, ਸਭ ਦੀ ਵਰਤੋਂ ਕੀਤੀ ਜਾਂਦੀ ਮਰਦ ਨੂੰ ਫਾਹੁਣ ਲਈ, ਤੱਪਸਵੀ ਦਾ ਤਪ ਤੁੜਾਉਣ ਲਈ ਅਤੇ ਭਗਤ ਦੀ ਭਗਤੀ ਛੁਡਾਉਣ ਲਈ। ਕਈਆਂ ਨੂੰ ਉਨ੍ਹਾਂ ਆਪਣੇ ਜਾਲ ਵਿਚ ਫਸਾਇਆ ਸੀ। ਉਨ੍ਹਾਂ ਨਾਨਕ ਤੇ ਉਸਦੇ ਸਾਥੀਆਂ ਤੇ ਵੀ ਉਹੋ ਢੰਗ ਵਰਤਿਆ। ਅਦਾ ਨਾਲ ਗਾਉਣਾ ਤੇ ਨੱਚਣਾ ਸ਼ੁਰੂ ਕੀਤਾ, ਹੁਸਨ ਨੂੰ ਲਿਸ਼ਕਾਉਣਾ, ਅੱਖਾਂ, ਛਾਤੀ ਤੇ ਲੱਕ ਨੂੰ ਏਸ ਤਰ੍ਹਾਂ ਮਟਕਾਉਣਾ ਕਿ ਵੱਡੇ ਤੋਂ ਵੱਡਾ ਜੋਗੀ ਵੀ ਆਪਣਾ ਰਾਹ ਛੱਡ ਦੇਵੇ ਅਤੇ ਇਨ੍ਹਾਂ ਦੇ ਜਾਦੂ ਦਾ ਸ਼ਿਕਾਰ ਹੋ ਜਾਵੇ। ਔਰਤਾਂ ਤਾਂ ਔਰਤਾਂ, ਦਾਸੀਆਂ ਤਾਂ ਦਾਸੀਆਂ, ਜਾਦੂਗਰਨੀਆਂ ਤਾਂ ਜਾਦੂਗਰਨੀਆਂ, ਨੂਰਸ਼ਾਹ ਨੇ ਆਪ ਨਾਨਕ ਨੂੰ ਭਰਮਾਉਣ ਦੀ ਹਰ ਕੋਸ਼ਿਸ਼ ਕੀਤੀ। ਨੂਰਸ਼ਾਹ ਦਾ ਹਰ ਜਾਦੂ ਫੇਲ੍ਹ ਹੋਇਆ। ਨਾਨਕ ਅਡੋਲ ਰਿਹਾ।

ਨੂਰਸ਼ਾਹ—ਮੇਰਾ ਡੰਗਿਆ ਕੋਈ ਨਹੀਂ ਬਚਿਆ।

ਨਾਨਕ—ਉਨ੍ਹਾਂ ਔਰਤ ਦੇਖੀ ਨਹੀਂ ਹੋਣੀ।

ਨੂਰਸ਼ਾਹ—ਮੈਂ ਔਰਤ ਨਹੀਂ, ਜਾਦੂਗਰਨੀ ਹਾਂ।

ਨਾਨਕ—ਮੇਰੇ ਤੇ ਤੇਰਾ ਜਾਦੂ ਕੰਮ ਨਹੀਂ ਕਰੇਗਾ।

ਨੂਰਸ਼ਾਹ—ਕਿਉਂ ?

ਨਾਨਕ—ਮੇਰੇ ਤੇ ਪਿਆਰ ਦਾ ਜਾਦੂ ਹੋਇਆ ਹੋਇਆ ਹੈ।

ਨੂਰਸ਼ਾਹ—ਕੌਣ ਹੈ ਤੇਰਾ ਮਹਿਬੂਬ ?

ਨਾਨਕ—ਰੱਬ।

ਨੂਰਸ਼ਾਹ—ਮੈਂ ਹਾਰ ਕਦੇ ਨਹੀਂ ਮੰਨੀ।

ਨਾਨਕ—ਜਿੱਤ ਸੱਚ ਦੀ ਹੀ ਹੋਵੇਗੀ।

ਮਰਦਾਨਾ ਰਬਾਬ ਵਜਾਉਂਦਾ ਰਿਹਾ। ਨਾਨਕ ਬਾਣੀ ਦਾ ਗਾਇਨ ਕਰਦਾ ਰਿਹਾ। ਨੂਰਸ਼ਾਹ ਨੇ ਬੜਾ ਜ਼ੋਰ ਲਾਇਆ। ਨਾਨਕ ਮਸਤ ਰਿਹਾ। ਪੈਸਾ ਨਾਨਕ ਨੂੰ ਭਰਮਾ ਨਾ ਸਕਿਆ, ਔਰਤ ਨਾਨਕ ਨੂੰ ਡੁਲਾ ਨ ਸਕੀ। ਇਮਤਿਹਾਨ ਹੁੰਦੇ ਰਹੇ। ਨਾਨਕ ਉਨ੍ਹਾਂ ਵਿਚ ਪਾਸ ਹੁੰਦਾ ਰਿਹਾ। ਉਹ ਅੱਗੇ ਵਧਦਾ ਗਿਆ। ਲੋਕਾਂ ਨੂੰ ਸੱਚ ਦਾ ਰਾਹ ਵਿਖਾਉਂਦਾ ਰਿਹਾ।

ਨਾਨਕ ਤੇ ਉਸਦੇ ਸਾਥੀ ਕੰਡਿਆਲੇ ਰਾਹਾਂ ਤੋਂ ਲੰਘਦੇ ਰਹੇ। ਕਈ ਵਾਰ ਉਨ੍ਹਾਂ ਨੂੰ ਕੁਝ ਵੀ ਖਾਣ ਨੂੰ ਨਸੀਬ ਨਾ ਹੁੰਦਾ। ਕਈ ਵਾਰ ਆਰਾਮ ਲਈ ਕੋਈ ਸਥਾਨ ਨਾ ਲਭਦਾ। ਕਈ ਵਾਰ ਜੰਗਲੀ ਜਾਨਵਰ ਉਨ੍ਹਾਂ ਨੂੰ ਡਰਾਉਂਦੇ। ਕਈ ਵਾਰ ਲੋਕ ਉਨ੍ਹਾਂ ਦੀ ਗੱਲ ਨਾ ਸੁਣਦੇ। ਕਈ ਵਾਰ ਮਾਇਆ ਉਨ੍ਹਾਂ ਨੂੰ ਜਾਲ ਵਿਚ ਭਰਮਾਉਂਦੀ। ਕਈ ਵਾਰ ਹੁਸਨ ਨਸ਼ਿਆਉਣ ਦੀ ਕੋਸ਼ਿਸ਼ ਕਰਦਾ। ਕਈ ਵਾਰ ਆਰਾਮ ਤੇ ਸੁਖ ਆਪਣੇ ਵਲ ਨੂੰ ਖਿਚਦੇ। ਕੋਈ ਡਰ ਤੇ ਲਾਲਚ ਨਾਨਕ ਤੇ ਉਸਦੇ ਸਾਥੀਆਂ ਨੂੰ ਉਨ੍ਹਾਂ ਦੇ ਰਾਹ ਤੋਂ ਰੋਕ ਨਾ ਸਕਿਆ। ਉਹ ਟੁਰਦੇ ਗਏ ਟੁਰਦੇ ਗਏ। ਟੁਰਦੇ ਟੁਰਦੇ ਬੰਗਾਲ ਵਿਚ ਦੀ ਹੁੰਦੇ ਹੋਏ ਜਗਨਨਾਥ ਪੁਰੀ ਪਹੁੰਚੇ।

ਇਹ ਜਗਤ ਨੂੰ ਬਣਾਉਣ ਵਾਲੇ ਦੀ ਥਾਂ ਮੰਨੀ ਜਾਂਦੀ ਹੈ। ਜਗਤ ਦੇ ਨਾਥ ਦੀ ਉਸਤਤ ਵਿਚ ਟਲ ਖੜਕਦੇ, ਆਰਤੀਆਂ ਉਤਾਰੀਆਂ ਜਾਂਦੀਆਂ। ਜੋਤਾਂ ਜਗਦੀਆਂ, ਖੁਸ਼ਬੂਆਂ ਫੈਲਦੀਆਂ, ਅਤੇ ਮੰਤਰਾਂ ਦਾ ਉਚਾਰਣ ਕੀਤਾ ਜਾਂਦਾ। ਮੂਰਤੀਆਂ ਅੱਗੇ ਮੱਥੇ ਟੇਕੇ ਜਾਂਦੇ। ਨਾਨਕ ਮੰਦਰ ਦੇ ਬਾਹਰ ਖੜਾ ਰਿਹਾ। ਨੀਲੇ ਅੰਬਰ ਵਲ ਟੱਕ ਲਾਈ ਵੇਖਦਾ ਰਿਹਾ, ਤਾਰਿਆਂ ਨਾਲ ਗੱਲਾਂ ਕਰਦਾ ਰਿਹਾ, ਕਦੇ ਉਹ 'ਉਸਦੇ' ਖ਼ਿਆਲਾਂ ਵਿਚ ਗੁੰਮ ਜਾਂਦਾ ਤੇ ਕਦੇ ਮੰਦਰ ਵਲ ਵੇਖਦਾ ਜਿਥੇ ਰਸਮ ਸੀ, ਪਰ ਅੰਦਰ ਭਿੱਜਿਆ ਨਜ਼ਰ ਨਹੀਂ ਵੀ ਆਉਂਦਾ। ਬਾਹਰ ਕੁਦਰਤ ਦਾ ਆਪਣਾ ਜੋਬਨ ਸੀ ਤੇ ਅੰਦਰ ਮਨੁਖ ਰਾਹੀਂ ਬਣਾਈ ਠਾਠ-ਬਾਠ। ਨਾਨਕ ਅਸਲ ਦਾ ਪੁਜਾਰੀ ਸੀ। ਗਾ ਉਠਿਆ :—

"ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ।"

ਇਸ ਤਰ੍ਹਾਂ ਕਾਫ਼ਲਾ ਕੁੜਾਪੇ, ਰਾਮੇਸ਼ਵਰ, ਸਿੰਘਲਾਦੀਪ, ਉਜੈਨ, ਜੂਨਾਗੜ੍ਹ, ਦੁਆਰਕਾ, ਅਜਮੇਰ, ਬਿੰਦ੍ਰਾਬਨ, ਕੁਰਕਸ਼ੇਤਰ, ਵਲ ਦੀ ਹੁੰਦਾ ਹੋਇਆ, ਅੱਠ ਵਰ੍ਹਿਆਂ ਪਿਛੋਂ ਸੁਲਤਾਨਪੁਰ ਪਹੁੰਚਿਆ। ਲਗਭਗ ਛੇ ਹਜ਼ਾਰ ਮੀਲ ਦਾ ਪੈਂਡਾ

ਹੋਇਆ ਸੀ। ਹਿੰਦੂਆਂ, ਬੋਧੀਆਂ, ਜੈਨਾਂ ਦੇ ਧਾਰਮਕ ਸਥਾਨਾਂ ਦੀ ਯਾਤਰਾ ਹੋਈ ਸੀ। ਧਰਮਾਂ ਵਿਚ ਆ ਚੁਕੇ ਭੇਖ ਦੇ ਖ਼ਿਲਾਫ਼ ਆਵਾਜ਼ ਨਿਡਰਤਾ ਨਾਲ ਨਾਨਕ ਨੇ ਉਠਾਈ ਸੀ। ਧਰਮ ਕੀ ਹੈ ? ਇਸ ਦਾ ਅਸਲ ਰੂਪ ਕੀ ਹੈ ? ਲੋਕਾਂ ਦੇ ਸਾਹਮਣੇ ਰਖਿਆ ਗਿਆ ਸੀ। ਰੱਬ ਦੇ ਠੇਕੇਦਾਰਾਂ ਦੇ ਖ਼ਿਲਾਫ ਆਵਾਜ਼ ਉਠਾਈ ਗਈ ਸੀ, ਜਿਹੜੇ ਆਪਣੇ ਛਲ ਨਾਲ ਰੱਬ ਨੂੰ ਵੀ ਵੇਚ ਰਹੇ ਸਨ।

ਨਾਨਕ ਜਦ ਸੁਲਤਾਨਪੁਰ ਤੋਂ ਗਿਆ ਸੀ, ਉਸ ਕੋਲ ਅਨੁਭਵ ਸੀ, ਭੁੱਖ ਸੀ। ਵਾਪਸ ਆਇਆ, ਤਾਂ ਤਜਰਬਾ ਸੀ, ਸਪੱਸ਼ਟਤਾ ਸੀ। ਭਟਕਣ ਅਜੇ ਵੀ ਕਾਇਮ ਸੀ। ਨਾਨਕੀ ਨੇ ਨਾਨਕ ਨੂੰ ਜੱਫੀ ਪਾ ਲਈ। ਨਾਨਕ ਦੇ ਅੰਦਰ ਝਰਨਾਟ ਜਿਹੀ ਛਿੜ ਗਈ। ਭੈਣ ਦੇ ਪਿਆਰ ਨੇ ਨਾਨਕ ਨੂੰ ਜਜ਼ਬਾਤੀ ਬਣਾ ਦਿੱਤਾ। ਨਾਨਕ ਨੂੰ ਮਹਿਤਾ ਕਾਲੂ ਤੇ ਮਾਤਾ ਤ੍ਰਿਪਤਾ ਦੇ ਕੋਲ ਪਹੁੰਚਣ ਦੀ ਕਾਹਲੀ ਸੀ। ਤਲਵੰਡੀ ਪਹੁੰਚੇ। ਮਾਂ ਦੀਆਂ ਅਖਾਂ ਸਹਿਕ ਰਹੀਆਂ ਸਨ। ਸਾਰੀ ਤਲਵੰਡੀ ਇਕੱਠੀ ਹੋ ਗਈ। ਨਾਨਕ ਨੇ ਲੋਕਾਂ ਨੂੰ ਆਪਣੇ ਤਜਰਬੇ ਸੁਣਾਏ। ਲੋਕ ਹੈਰਾਨ ਸਨ। ਨਾਨਕ ਹੁਣ ਵਿਸਮਾਦ ਵਿਚ ਸੀ। ਉਹ ਭੇਖ ਤੋਂ ਉਪਰ ਉੱਠ 'ਰੱਬ' ਦੇ ਨੇੜੇ ਪਹੁੰਚ ਚੁਕੇ ਸਨ। ਰੱਬ ਤੇ ਮਨੁੱਖ ਵਿਚਕਾਰ ਦੇ ਠੇਕੇਦਾਰਾਂ ਦੇ ਕਪਟ ਨੂੰ, ਲੋਕਾਂ ਨੂੰ ਸਮਝਾਉਂਦੇ। ਨਾਨਕ ਆਪਣੇ ਸਫ਼ਰ ਨੂੰ ਸਫਲ ਸਮਝਦੇ ਸਨ ਅਤੇ ਸਫ਼ਲਤਾ ਦੇ ਚਾਅ ਤੇ ਜੋਸ਼ ਵਿਚ ਹੀ ਆਪਣੇ ਸਹੁਰੇ ਪਹੁੰਚੇ। ਸੁਲੱਖਣੀ ਖੁਸ਼ ਸੀ। ਪੁੱਤਰ ਚੁਪ ਖੜੇ ਸਨ। ਨਾਨਕ ਨੇ ਜਦ ਉਨ੍ਹਾਂ ਨੂੰ ਸੀਨੇ ਨਾਲ ਘੁਟਿਆ ਤਾਂ ਮਹਿਸੂਸ ਕੀਤਾ ਉਹ ਅਨੰਦ, ਜਿਹੜਾ ਉਨ੍ਹਾਂ ਨੂੰ ਸਦਾ ਇਨ੍ਹਾਂ ਵਲ ਖਿੱਚਦਾ ਰਿਹਾ ਸੀ। ਉਹ ਰੱਬ ਦਾ ਰਾਜ਼ ਲੱਭਣ ਤਾਂ ਗਏ ਸਨ ਪਰ ਮਾਪਿਆਂ, ਬੀਵੀ, ਭੈਣ, ਬੱਚਿਆਂ, ਤੇ ਦੋਸਤਾਂ ਨੂੰ ਤਿਆਗਣ ਦੇ ਹਕ ਵਿਚ ਨਹੀਂ ਸਨ। ਉਨ੍ਹਾਂ ਆਪਣੇ ਮੰਤਵ ਲਈ ਤੇ ਵਿਚਾਰਾਂ ਦੇ ਪਰਚਾਰ ਲਈ ਕਰਤਾਰਪੁਰ ਥਾਂ ਚੁਣੀ। ਕੋਠੇ ਪਾਏ ਤੇ ਮਾਪਿਆਂ ਨੂੰ ਵੀ ਉਥੇ ਹੀ ਲੈ ਆਏ। ਮਾਂ-ਬਾਪ ਦੀ ਸੇਵਾ ਉਨ੍ਹਾਂ ਨੂੰ ਸ਼ਾਂਤੀ ਦੇਂਦੀ। ਬੀਵੀ ਦਾ ਪਿਆਰ ਮੁਸਕਰਾਹਟ ਬਖਸ਼ਦਾ ਤੇ ਪੁੱਤਰ, ਤਸੱਲੀ ਦੇ ਭਾਵ ਨਾਨਕ ਦੇ ਚਿਹਰੇ ਤੇ ਲੈ ਆਉਂਦੇ। ਨਾਨਕ ਤੇ ਮਰਦਾਨੇ ਦਾ ਸਾਥ ਕਮਾਲ ਦਾ ਸੀ। ਨਾਨਕ ਦਾ ਹਿੰਦੂ ਪਰਵਾਰ ਤੇ ਮਰਦਾਨੇ ਦਾ ਮੁਸਲਮ ਪਰਵਾਰ ਇਕੱਠੇ ਰਹਿਣ ਲੱਗੇ। ਦੋ ਜੀਵਾਂ ਨੇ ਦੋ ਘਰਾਣਿਆਂ ਤੇ ਦੋ ਧਰਮਾਂ ਵਿਚ ਪਿਆਰ ਪੈਦਾ ਕਰ ਦਿੱਤਾ ਸੀ। ਇਕ ਨਵੇਂ ਵਿਸ਼ਵਾਸ ਨੂੰ ਜਨਮ ਦਿੱਤਾ ਸੀ।

ਵਿਸ਼ਵਾਸ ਦੇ ਪਰਚਾਰ ਲਈ ਨਾਨਕ ਤੇ ਮਰਦਾਨਾ ਫੇਰ ਟੁਰ ਪਏ। ਉਨ੍ਹਾਂ ਘਰ ਦੇ ਆਨੰਦ ਨੂੰ ਮਾਣਿਆ ਸੀ। ਸੋਚਿਆ ਕਿ ਉਨ੍ਹਾਂ ਕੋਲ ਪਹੁੰਚਿਆ ਜਾਏ ਜਿਹੜੇ ਘਰ, ਬਾਰ, ਬੀਵੀ, ਬੱਚੇ, ਮਾਪਿਆਂ, ਦੋਸਤਾਂ ਨੂੰ ਰੱਬ ਦੇ ਰਾਹ ਵਿਚ ਰੁਕਾਵਟ ਸਮਝ, ਸਭ ਕੁਝ ਛਡ ਛਡਾ ਕੇ ਦੂਰ, ਬਹੁਤ ਦੂਰ, ਗੁਫ਼ਾਵਾਂ ਵਿਚ ਚਲੇ ਗਏ, ਪਹਾੜਾਂ ਤੇ ਸਮਾਧੀ ਲਾਈ ਬੈਠੇ ਹਨ। ਤਰ੍ਹਾਂ ਤਰ੍ਹਾਂ ਦੇ ਸ਼ਰੀਰਕ ਕਸ਼ਟ ਸਹਿ ਰਹੇ

ਹਨ, ਮਨ ਦੇ ਟਿਕਾ ਲਈ। ਸਿਆਲਕੋਟ, ਜੰਮੂ, ਵੈਸ਼ਨਵ ਦੇਵੀ ਵੱਲ ਦੀ ਹੁੰਦੇ ਹੋਏ ਕਸ਼ਮੀਰ ਪਹੁੰਚੇ। ਰਾਹ ਵਿਚ ਸ਼ਰੀਰਕ ਚਮਤਕਾਰ ਵਿਖਾਉਣ ਵਾਲੇ ਬਹੁਤ ਮਿਲੇ। ਲੋਕ ਉਨ੍ਹਾਂ ਦੀਆਂ ਸਰੀਰਕ ਕਰਵਟਾਂ, ਆਸਨਾਂ ਨੂੰ ਵੇਖ ਹੈਰਾਨ ਰਹਿ ਜਾਂਦੇ। ਉਨ੍ਹਾਂ ਅੱਗੇ ਮਥੇ ਟੇਕਦੇ। ਲੋਕ ਸਿਧੇ-ਸਾਦੇ ਸਨ। ਚੇਤਨਤਾ ਦੀ ਘਾਟ ਸੀ, ਜਿਸਨੇ ਲਾਈ ਗੱਲੀਂ—ਉਸੇ ਨਾਲ ਉੱਠ ਚੱਲੀ। ਲੋਕ ਰੱਬ ਵਿਚ ਵਿਸ਼ਵਾਸ਼ ਕਰਦੇ ਸਨ। ਰੱਬ ਨੂੰ ਮਿਲਣਾ ਚਾਹੁੰਦੇ ਸਨ। ਜਿਸਨੇ ਜਿਹੜਾ ਢੰਗ ਦਸਿਆ, ਕੁਝ ਨਾ ਕੁਝ ਲੋਕ ਉਸਦੇ ਪਿਛੇ ਲਗ ਪਏ। ਰੱਬ ਇੱਕ ਹੈ, ਉਸਦੇ ਨਾਂ ਅਨੇਕ ਹੋ ਗਏ, ਉਸਦੀਆਂ ਮੂਰਤੀਆਂ ਅਣਗਿਣਤ ਬਣ ਗਈਆਂ, ਉਸਨੂੰ ਪਰਾਪਤ ਕਰਨ ਦੇ ਢੰਗ ਵਖਰੇ ਵਖਰੇ ਹੋ ਗਏ। ਰੱਬ ਨਾਂਵਾਂ, ਮੂਰਤੀਆਂ ਤੇ ਢੰਗਾਂ ਵਿਚ ਉਲਝ ਗਿਆ। ਰੱਬ ਦੇ ਨਾਂ ਤੇ ਹੀ ਲੜਾਈਆਂ ਹੁੰਦੀਆਂ। ਹਰ ਕੋਈ ਤੇ ਹਰ ਮੱਤ ਆਪਣੇ ਆਪ ਨੂੰ ਸਹੀ ਦਸਦਾ ਤੇ ਦੂਜਿਆਂ ਨੂੰ ਗਲਤ। ਰਾਹ ਵਿਖਾਉਣ ਵਾਲੇ ਹੀ ਕੁਰਾਹੇ ਪਏ ਹੋਏ ਸਨ।

ਲੰਮਾ ਸਫ਼ਰ, ਨਵੇਂ ਚਿਹਰੇ ਤੇ ਵੰਨਸਵੰਨੇ ਤਜਰਬੇ। ਨਾਨਕ ਨੇ ਇਕ ਜੋਗੀ ਦੀ ਬੜੀ ਹੀ ਚਰਚਾ ਸੁਣੀ। ਉਸ ਬਾਰੇ ਮਸ਼ਹੂਰ ਸੀ ਕਿ ਉਹ ਸਮਾਧੀ ਲਾਉਂਦਾ ਹੈ। ਅੱਖਾਂ ਜਦ ਮੀਟਦਾ ਹੈ ਤਾਂ ਉਸਨੂੰ ਸਾਰੇ ਬ੍ਰਹਮੰਡ ਦਾ ਪਤਾ ਹੁੰਦਾ ਹੈ। ਕਿਥੇ ਕੀ ਹੋ ਰਿਹਾ ਹੈ ? ਉਹ ਦੱਸ ਸਕਦਾ ਹੈ। ਨਾਨਕ ਉਸਨੂੰ ਮਿਲਣ ਗਏ। ਜਦ ਉਹ ਸਮਾਧੀ ਵਿਚ ਬੈਠ ਗਿਆ ਤਾਂ ਨਾਨਕ ਨੇ ਉਸਦੀ ਚਿੱਪੀ ਲੁਕੋ ਦਿੱਤੀ। ਲੋਕ ਹੈਰਾਨ ਹੋਏ ਪਰ ਬੋਲ ਨਾ ਸਕੇ। ਸਮਾਧੀ ਭੰਗ ਹੋਣ ਦਾ ਡਰ ਸੀ। ਲੋਕਾਂ ਪ੍ਰਸ਼ਨ ਕੀਤੇ, ਜੋਗੀ ਨੇ ਉਤਰ ਦਿਤੇ। ਜਦ ਸਮਾਧੀ ਖੋਲ੍ਹੀ ਤਾਂ ਨਾਨਕ ਨੇ ਪੁਛਿਆ :—

ਨਾਨਕ—ਸਮਾਧੀ ਵਿਚ ਕੀ ਮਹਿਸੂਸ ਹੁੰਦਾ ਹੈ ?

ਜੋਗੀ—ਸੁੰਨ।

ਨਾਨਕ—ਫੇਰ।

ਜੋਗੀ—ਮੈਂ ਰੱਬ ਦੇ ਕੋਲ ਹੁੰਦਾ ਹਾਂ।

ਨਾਨਕ—ਫੇਰ।

ਜੋਗੀ—ਮੈਨੂੰ ਸਭ ਕੁਝ ਪਤਾ ਹੁੰਦਾ ਹੈ।

ਨਾਨਕ—ਕੀ ਤੁਹਾਨੂੰ ਆਪਣੀ ਚਿੱਪੀ ਬਾਰੇ ਪਤਾ ਲਗ ਗਿਆ ਸੀ ?

ਜੋਗੀ—ਕਿਹੜੀ ਚਿੱਪੀ (ਏਧਰ ਓਧਰ ਵੇਖਣ ਲਗ ਪਿਆ)

ਨਾਨਕ—ਜੇ ਤੁਹਾਨੂੰ ਆਪਣੀ ਚਿੱਪੀ ਦਾ ਪਤਾ ਨਹੀਂ ਲਗਦਾ ਤਾਂ ਇਨ੍ਹਾਂ ਭੋਲੇ ਭਾਲੇ ਲੋਕਾਂ ਦੀਆਂ ਸਮਸਿਆਵਾਂ ਦਾ ਕਿਵੇਂ ਪਤਾ ਲਗ ਜਾਂਦਾ ਹੈ। ਇਨ੍ਹਾਂ ਨੂੰ ਗੁਮਰਾਹ ਨਾ ਕਰੋ। ਆਪ ਵੀ ਗੁਮਰਾਹ ਨਾ ਹੋਵੋ। ਘਰ ਜਾਓ, ਹਸਦਿਆਂ, ਖੇਡਦਿਆਂ ਵੀ ਰੱਬ ਮਿਲ ਜਾਂਦਾ ਹੈ।

ਨਾਨਕ ਨੇ ਕਿਹਾ ਕਿ ਰੱਬ ਦੀ ਕੋਈ ਮੂਰਤੀ ਨਹੀਂ। ਕਰਮ-ਕਾਂਡ ਦੀ ਵਿਰੋਧਤਾ ਕੀਤੀ। ਸ਼ੂਦਰਾਂ ਤੇ ਦੂਜੀਆਂ ਜਾਂਤਾਂ ਦੇ ਲੋਕਾਂ ਦੀਆਂ ਜ਼ਿਆਦਤੀਆਂ ਦੀ

ਨਿੰਦਿਆ ਕੀਤੀ। ਰੱਬ ਇਕ ਹੈ । ਇਨਸਾਨ ਇਕ ਹਨ । ਇਨਸਾਨ ਇਨਸਾਨ ਵਿਚ ਕੋਈ ਫ਼ਰਕ ਨਹੀਂ। ਇਹੋ ਸੰਦੇਸ਼ ਉਹ ਘਰ ਘਰ, ਸ਼ਹਿਰ ਸ਼ਹਿਰ ਲੈ ਕੇ ਗਏ।

ਮਰਦਾਨੇ ਦੇ ਮਨ ਵਿਚ 'ਹੱਜ' ਕਰਨ ਦੀ ਰੀਝ ਸੀ। ਉਸਨੇ ਨਾਨਕ ਕੋਲ ਇਹ ਉਮੰਗ ਪਰਗਟ ਕੀਤੀ। ਨਾਨਕ ਦਾ ਆਪਣਾ ਦਿਲ ਵੀ ਕਰਦਾ ਸੀ, ਕਿ ਹਿੰਦੂਆਂ, ਬੋਧੀਆਂ, ਨਾਥਾਂ, ਸਿਧਾਂ, ਜੋਗੀਆਂ, ਜੈਨੀਆਂ ਦੇ ਧਰਮ ਸਥਾਨਾਂ ਦੀ ਤਰ੍ਹਾਂ ਮੁਸਲਮਾਨ ਧਾਰਮਕ ਕੇਂਦਰਾਂ ਦੀ ਵੀ ਯਾਤਰਾ ਕੀਤੀ ਜਾਵੇ। ਸੰਨ ੧੫੧੯। ਨਾਨਕ ਮਾਝੇ ਵਿਚੋਂ ਦੀ ਲੰਘਦੇ, ਕਸੂਰ ਤੋਂ ਹੁੰਦੇ ਹੋਏ, ਪਾਕਪਟਨ ਤੋਂ ਹਾਜੀਆਂ ਨਾਲ ਮੱਕੇ ਮਦੀਨੇ ਪਹੁੰਚੇ। ਇਹ ਸਫ਼ਰ ਵੀ ਤਿੰਨ ਹਜ਼ਾਰ ਮੀਲ ਦੇ ਲਗਭਗ ਸੀ।

ਮੱਕੇ ਹਜ਼ਾਰਾਂ ਦੀ ਗਿਣਤੀ ਵਿਚ ਹਾਜੀ ਪਹੁੰਚੇ ਹੋਏ ਸਨ। ਅਲ੍ਹਾ ਦੇ ਕਾਬੇ ਦੇ ਦਰਸ਼ਨ ਕਰਦੇ, ਖੁਸ਼ ਹੁੰਦੇ। ਕਈ ਕਾਬੇ ਦੇ ਨੇੜੇ ਹੀ ਸੌਂ ਜਾਂਦੇ। ਨਾਨਕ ਵੀ ਉਥੇ ਹੀ ਸੁੱਤਾ ਪਿਆ ਸੀ। ਉਸਦੇ ਪੈਰ ਕਾਬੇ ਵਲ ਸਨ। ਮੁੱਲਾਂ ਨੂੰ ਇਹ ਵੇਖਕੇ ਬੜਾ ਹੀ ਗੁੱਸਾ ਆਇਆ। ਰੱਬ ਦੇ ਘਰ ਵਲ ਵੀ ਕੋਈ ਪੈਰ ਕਰਕੇ ਸੌਂਦਾ ਹੈ?

ਮੁੱਲਾਂ—ਕਿਹੜਾ ਹੈ ਭਾਈ? ਉਠ।
ਨਾਨਕ—(ਅਖਾਂ ਮਲਦਾ ਹੋਇਆ), ਕਿਉਂ?
ਮੁੱਲਾਂ—ਤੂੰ ਕਾਫ਼ਰ ਹੈਂ, ਰੱਬ ਦੇ ਘਰ ਵਲ ਲੱਤਾਂ ਕਰੀ ਪਿਆਂ?
ਨਾਨਕ—ਤੁਸੀਂ ਮੇਰੀਆਂ ਲੱਤਾਂ ਉਧਰ ਕਰ ਦਿਓ, ਜਿਧਰ ਅਲ੍ਹਾ ਦਾ ਘਰ ਨਹੀਂ।

ਅਲ੍ਹਾ ਹਰ ਥਾਂ ਹੈ। ਅਲ੍ਹਾ ਦੀ ਕੋਈ ਵਿਸ਼ੇਸ਼ ਥਾਂ ਨਹੀਂ। ਉਹ ਕਿਣਕੇ ਕਿਣਕੇ, ਜ਼ੱਰੇ ਜ਼ੱਰੇ ਵਿਚ ਹੈ। ਚੁਪਾਸੇ ਹੈ। ਅਲ੍ਹਾ ਦਾ ਖ਼ਿਆਲ ਕਰਨਾ ਚਾਹੀਦਾ ਹੈ। ਰੋਜ਼ੇ ਰਖਣੇ, ਨਮਾਜ਼ਾਂ ਪੜ੍ਹਣੀਆਂ, ਮਸੀਤਾਂ ਬਣਾਉਣੀਆਂ, ਪਰ ਰੱਬ ਦੇ ਖ਼ਿਆਲ ਬਿਨਾਂ। ਇਨਾਂ ਵਿਖਾਵਿਆਂ ਨਾਲ ਅਲ੍ਹਾ ਖੁਸ਼ ਨਹੀਂ ਹੁੰਦਾ। ਅਲ੍ਹਾ ਨੇਕ ਅਮਲ ਚਾਹੁੰਦਾ ਹੈ। ਨਾਨਕ ਅਮਲ ਤੇ ਜ਼ੋਰ ਦੇਂਦਾ ਸੀ। ਬਗਦਾਦ ਵਿਚ ਵੀ ਨਾਨਕ ਦੇ ਬਹੁਤ ਸ਼ਰਧਾਲੂ ਬਣ ਗਏ।

ਮਰਦਾਨਾ ਤੇ ਨਾਨਕ ਪੰਜਾਬ ਵਾਪਸ ਆ ਰਹੇ ਸਨ। ਬਾਬਰ ਉਨ੍ਹਾਂ ਦਿਨਾਂ ਵਿਚ ਕਾਬਲ ਵੱਲੋਂ ਮਾਰੋ-ਮਾਰ ਕਰਦਾ ਪੰਜਾਬ ਦੇ ਸ਼ਹਿਰਾਂ ਨੂੰ ਲੁੱਟ ਰਿਹਾ ਸੀ। ਜ਼ੁਲਮ ਤੇ ਜਬਰ ਪਰਧਾਨ ਸੀ। ਲੋਕਾਂ ਨੂੰ ਮਾਰਿਆ ਜਾ ਰਿਹਾ ਸੀ। ਦੌਲਤ ਖੋਹੀ ਜਾ ਰਹੀ ਸੀ। ਇਸਤਰੀਆਂ ਦੀ ਪੱਤ ਲਾਹੀ ਜਾ ਰਹੀ ਸੀ। ਘਰਾਂ ਨੂੰ ਅੱਗ ਲਾਈ ਜਾਂਦੀ। ਜਿਹੜਾ ਵੀ ਜ਼ੁਲਮ ਦੇ ਖ਼ਿਲਾਫ਼ ਬੋਲਦਾ, ਜਾਂ ਤੇ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਜਾਂ ਫੇਰ ਉਸਨੂੰ ਕੈਦੀ ਬਣਾ ਲਿਆ ਜਾਂਦਾ। ਐਮਨਾਬਾਦ ਵਿਚ ਜਦ ਨਾਨਕ ਨੇ ਭੋਲੇ, ਸਿੱਧੇ ਮਜ਼ਲੂਮ ਤੇ ਗਰੀਬ ਲੋਕਾਂ ਤੇ ਜ਼ੁਲਮ ਹੁੰਦਾ ਵੇਖਿਆ, ਉਸ ਤੋਂ ਰਿਹਾ ਨਾ ਗਿਆ। ਕੋਮਲ ਮਨ ਸੀ। ਇਹ ਅਤਿਆਚਾਰ ਕਿਵੇਂ ਬਰਦਾਸ਼ਤ ਕਰ ਸਕਦਾ ਸੀ। ਨਾਨਕ ਨੇ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਈ। ਉਸਨੂੰ ਤੇ

ਮਰਦਾਨੇ ਨੂੰ ਕੈਦੀ ਬਣਾ ਲਿਆ ਗਿਆ। ਜੇਲ੍ਹ ਦੇ ਤਸੀਹੇ ਬਰਦਾਸ਼ਤ ਕੀਤੇ । ਚੱਕੀ ਪੀਸੀ। ਬੋਝ ਚੁੱਕਿਆ। ਖਿੜੇ ਮਥੇ ਸਭ ਕੁਝ ਬਰਦਾਸ਼ਤ ਕੀਤਾ । ਜ਼ੁਲਮ ਦੀ ਨਿਖੇਧੀ ਕੀਤੀ। ਲੋਕਾਂ ਦਾ ਸਾਥ ਦਿਤਾ ।

ਬਾਬਰ ਨੂੰ ਜਦ ਨਾਨਕ ਬਾਰੇ ਪਤਾ ਲਗਿਆ ਤਾਂ ਉਸਨੂੰ ਛੱਡਣ ਦਾ ਹੁਕਮ ਦਿਤਾ ਗਿਆ। ਨਾਨਕ ਨੇ ਰਿਹਾ ਹੋਣ ਤੋਂ ਨਾਂਹ ਕਰ ਦਿੱਤੀ। ਲੋਕਾਂ ਨਾਲੋਂ ਨਾਨਕ ਵਖਰਾ ਨਹੀਂ ਹੋਣਾ ਚਾਹੁੰਦਾ ਸੀ। ਲੋਕਾਂ ਦੇ ਨਾਲ ਹੀ ਉਸਨੇ ਆਪਣੇ ਆਪ ਨੂੰ ਜੋੜ ਲਿਆ ਸੀ । ਲੋਕਾਂ ਦੀ ਰਿਹਾਈ ਹੋਵੇਗੀ ਤਾਂ ਹੀ ਨਾਨਕ ਜੇਲ੍ਹ ਤੋਂ ਆਵੇਗਾ।

ਬਾਬਰ ਨੂੰ ਇਸਲਾਮ ਦਾ ਸਹੀ ਅਰਥ ਸਮਝਣ ਲਈ ਪਰੇਰਨਾ ਦਿੱਤੀ। ਲੋਕਾਂ ਉਤੇ ਜ਼ੁਲਮ ਕਰਨ ਤੋਂ ਰੋਕਿਆ। ਚੰਗਾ ਮੁਸਲਮਾਨ ਕੌਣ ਹੈ ? ਬਾਬਰ ਨੂੰ ਸੋਚਣ ਲਈ ਮਜਬੂਰ ਕੀਤਾ ।

ਨਾਨਕ ਨਿਡਰ ਸੀ। ਜੇ ਉਹ ਧਰਮ ਵਿਚ ਆ ਚੁਕੇ ਭੇਖ ਦੀ ਡਟ ਕੇ ਵਿਰੋਧਤਾ ਕਰਦਾ ਸੀ ਤਾਂ ਰਾਜ-ਸੱਤਾ ਦੀ ਜ਼ਿਆਦਤੀ ਖ਼ਿਲਾਫ਼ ਆਵਾਜ਼ ਉਠਾਉਣ ਦੀ ਜ਼ੁਰਤ ਵੀ ਰਖਦਾ ਸੀ :

"ਜੈਸੀ ਮੈ ਆਵੈ ਖ਼ਸਮ ਕੀ ਬਾਣੀ ਤੈਸੜਾ ਕਰੀਂ ਗਿਆਨੁ ਵੇ ਲਾਲੋ
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੇ ਦਾਨੁ ਵੇ ਲਾਲੋ
ਸਰਮੁ ਧਰਮੁ ਦੋਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ
ਕਾਜੀਆਂ ਬਾਮਣਾ ਦੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ।"

ਇਸ ਤਰ੍ਹਾਂ ਨਾਨਕ ਨੇ ਨਿੱਜੀ ਜੀਵਨ ਵਿਚ ਬਹੁਤ ਸਾਰੀਆਂ ਸਥਾਪਤ ਕੀਮਤਾਂ ਦਾ ਵਿਰੋਧ ਕੀਤਾ। ਲੋਕਾਂ ਨੂੰ ਠੀਕ ਰਾਹ ਵਿਖਾਉਣ ਲਈ ਆਪਣੇ ਕੋਲ ਬੁਲਾਇਆ ਨਹੀਂ, ਸਗੋਂ ਉਨ੍ਹਾਂ ਕੋਲ ਜਾ ਕੇ ਉਨ੍ਹਾਂ ਵਿਚ ਆਈਆਂ ਕਮੀਆਂ ਨੂੰ ਦੱਸਕੇ, ਵਿਚਾਰ-ਵਟਾਂਦਰਾ—ਕਰਕੇ, ਮਨੁਖਤਾ ਲਈ ਠੀਕ ਰਾਹ ਲੱਭਣ ਦਾ ਜਤਨ ਕੀਤਾ। ਹਰ ਪਾਸੇ ਗਏ। ਹਰੇਕ ਕੋਲ ਗਏ। ਹਜ਼ਾਰਾਂ ਮੀਲ ਪੈਦਲ ਯਾਤਰਾ ਕੀਤੀ । ਉਸ ਸਮੇਂ ਰਾਜਸੀ ਜਾਂ ਸਮਾਜਕ ਜਥੇਬੰਦੀਆਂ ਨਹੀਂ ਸਨ। ਧਾਰਮਕ ਕੇਂਦਰ ਹੀ ਲੋਕਾਂ ਦੀ ਸੋਚਣੀ ਅਤੇ ਕਰਨੀ ਵਿਚ ਤਬਦੀਲੀ ਲਿਆਉਣ ਦੀ ਸਮਰਥਾ ਰਖਦੇ ਸਨ। ਆਪਣੀਆਂ ਯਾਤਰਾਵਾਂ ਵਿਚ ਹਿੰਦੂਆਂ, ਬੋਧੀਆਂ, ਜੈਨੀਆਂ, ਜੋਗੀਆਂ ਅਤੇ ਮੁਸਲਮਾਨਾਂ ਦੇ ਪਵਿੱਤਰ ਸਥਾਨਾਂ ਤੇ ਗਏ। ਬਲਵਾਨ ਤੇ ਸੱਚੀ ਸ਼ਖਸ਼ੀਅਤ, ਡੂੰਘਾ ਅਨੁਭਵ ਤੇ ਵਿਸ਼ਾਲ ਤਜਰਬਾ, ਸੂਖ਼ਮ ਤੇ ਸੁਹਿਰਦ ਮਨ ਨੇ ਸਮਾਜ ਦੀ ਚੂਲ ਨੂੰ ਬਦਲਣ ਲਈ ਪਰੇਰਨਾ ਦਿਤੀ । ਮੰਦਰਾਂ, ਮਠਾਂ, ਮਸੀਤਾਂ ਵਿਚ ਭੇਖ ਨਜ਼ਰ ਆਇਆ। ਸ਼ਾਂਤੀ ਕਿਤੇ ਨਾ ਮਿਲੀ । ਕਰਾਂਤੀਕਾਰ ਨਾਨਕ ਨੇ ਗਲਤ ਕੀਮਤਾਂ ਨੂੰ ਭੰਡਿਆ। ਜੀਵਨ ਵਿਚ ਖੁਸ਼ੀ, ਸ਼ਾਂਤੀ ਅਤੇ ਮੁਕਤੀ ਕਿਵੇਂ ਮਿਲੇ; ਨਾਨਕ ਸਾਲਾਂ ਬੱਧੀ ਏਸੇ ਤੇ ਵਿਚਾਰ ਕਰਦਾ ਰਿਹਾ, ਰਾਹ ਲੱਭਦਾ ਰਿਹਾ। ਉਸਨੂੰ ਰਾਹ ਲੱਭ ਗਿਆ ਸੀ।

੪

ਕਰਤਾਰਪੁਰ

ਵੀਹ ਵਰ੍ਹਿਆਂ ਦੇ ਸਫ਼ਰ ਅਤੇ ਸਾਧਨਾ ਨੇ ਗੁਰੂ ਨਾਨਕ ਨੂੰ ਲੋਕਾਂ ਦੀ ਸਹੀ ਹਾਲਤ ਜਾਨਣ ਦਾ ਮੌਕਾ ਦਿੱਤਾ। ਲੋਕ ਦੁਖੀ ਸਨ। ਉਨ੍ਹਾਂ ਦੇ ਦੁਖਾਂ ਨੂੰ ਜਾਣ, ਦੁਖਾਂ ਦੇ ਕਾਰਨਾਂ ਨੂੰ ਲਭ, ਦੂਰ ਕਰਨ ਲਈ ਸੋਚਣ ਦਾ ਮੌਕਾ ਮਿਲਿਆ। ਉਨ੍ਹਾਂ ਦੀ ਸੁਨਣ ਤੇ ਆਪਣੀ ਸੁਣਾਉਣ ਦਾ ਅਵਸਰ ਮਿਲਿਆ। ਮੁਖੀਆਂ ਨਾਲ ਵਿਚਾਰ-ਵਟਾਂਦਰਾ ਕੀਤਾ। ਠੀਕ ਕੀ ਹੈ ? ਜਾਨਣ ਦੀ ਕੋਸ਼ਿਸ਼ ਕੀਤੀ ਤੇ ਠੀਕ ਨੂੰ ਪਰਚਲਤ ਕਰਨ ਦਾ ਉਦਮ ਕੀਤਾ।

ਗੁਰੂ ਨਾਨਕ ਨੇ ਬਚਪਣ ਤੋਂ ਲੈ ਕੇ ਹੁਣ ਤੀਕ ਕੇਵਲ ਨਿਜ ਲਈ ਜੀਵਨ ਨਹੀਂ ਸੀ ਜੀਵਿਆ। ਆਪਣੇ ਆਪ ਲਈ ਬਹੁਤ ਕੁਝ ਨਹੀਂ ਸੀ ਕੀਤਾ। ਦੁਨਿਆਵੀ ਪਰਾਪਤੀਆਂ ਵਲ ਧਿਆਨ ਨਹੀਂ ਸੀ ਦਿੱਤਾ। ਦਿਸਦੀਆਂ ਸਹੂਲਤਾਂ, ਆਰਾਮ, ਸੁਖ, ਦੌਲਤ ਤੇ ਐਸ਼ ਉਨ੍ਹਾਂ ਦਾ ਜੀਵਨ ਨਹੀਂ ਸਨ। ਸ਼ਾਂਤੀ ਦੀ ਭਾਲ ਵਿੱਚ ਸਨ। ਹਰ ਥਾਂ ਤੇ ਗਏ। ਹਰ ਉਸ ਰਾਹ ਤੇ ਟੁਰੇ, ਜਿਥੋਂ ਸ਼ਾਂਤੀ ਦੀ ਆਸ ਬੱਝੀ। ਜਿਸ ਉਦੇਸ਼ ਲਈ ਉਨ੍ਹਾਂ ਸਾਰੇ ਤਜਰਬੇ ਕੀਤੇ ਸਨ, ਉਨ੍ਹਾਂ ਨੂੰ ਹੁਣ ਇਕੱਠਾ ਕਰਨ ਦਾ ਸਮਾਂ ਆ ਗਿਆ ਸੀ। ਜੀਵਨ ਵਿੱਚ ਯੋਗ ਕੀ ਹੈ ਤੇ ਅਯੋਗ ਕੀ ਹੈ ? ਉਨ੍ਹਾਂ ਨੂੰ ਪਤਾ ਲਗ ਗਿਆ ਸੀ। ਸੱਚ ਕੀ ਹੈ, ਝੂਠ ਕੀ ਹੈ ? ਇਸ ਦਾ ਗਿਆਨ ਹੋ ਗਿਆ ਸੀ। ਸ਼ਾਂਤੀ ਕਿਥੇ ਹੈ ਤੇ ਅਸ਼ਾਂਤੀ ਕਿਉਂ ਹੈ ? ਸਮਝ ਆ ਗਈ ਸੀ। ਬਚਪਣ ਦੀ ਭੁੱਖ ਨੂੰ, ਜਵਾਨੀ ਦੇ ਜੋਸ਼ ਨੂੰ, ਉਮਰ ਦੇ ਤਜਰਬੇ ਨੇ ਸਪੱਸ਼ਟ ਕਰ ਦਿੱਤਾ ਸੀ।

ਉਨ੍ਹਾਂ ਕਰਤਾਰਪੁਰ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਕਾਫ਼ੀ ਸ਼ਰਧਾਲੂ

ਉਨ੍ਹਾਂ ਦੇ ਆਦੇਸ਼ ਤੇ ਜੀਵਨ ਬਿਤਾਉਣ ਲੱਗੇ। ਮਨ ਇਕਾਗਰ ਸੀ। ਜੀਵਨ ਦੇ ਅਨੁਭਵ ਨੇ ਬਾਣੀ ਦੇ ਝਰਨੇ ਰਾਹੀਂ ਲੋਕਾਂ ਦੇ ਅੰਦਰ ਦੀ ਪਿਆਸ ਨੂੰ ਬੁਝਾਉਣਾ ਸ਼ੁਰੂ ਕਰ ਦਿੱਤਾ। ਬਾਣੀ ਰਚੀ ਤੇ ਉਸ ਉਤੇ ਅਮਲ ਕੀਤਾ। ਉਨ੍ਹਾਂ ਅੰਤਰ ਤੇ ਬਾਹਰ ਦੇ ਫ਼ਰਕ ਨੂੰ ਮਿਟਾ ਕੇ ਜੀਵਨ ਨੂੰ ਇਕਸੁਰ ਕੀਤਾ। ਕਿਰਤ ਕਰਨ, ਨਾਮ ਜਪਣ ਅਤੇ ਵੰਡ ਛਕਣ ਦਾ ਉਪਦੇਸ਼ ਹੀ ਨਹੀਂ ਦਿੱਤਾ, ਸਗੋਂ ਆਪਣੇ ਜੀਵਨ ਦਾ ਹਿੱਸਾ ਬਣਾ ਲਿਆ।

ਕਰਤਾਰਪੁਰ ਤੋਂ ਥੋੜੀ ਦੂਰ ਉਤੇ ਪਿੰਡ ਖਡੂਰ ਹੈ। ਗੁਰੂ ਨਾਨਕ ਦਾ ਭਗਤ ਜੋਧਾ ਜਪੁਜੀ ਦਾ ਪਾਠ ਕਰਿਆ ਕਰਦਾ ਸੀ। ਦੁਰਗਾ ਦੇ ਪੁਜਾਰੀ ਲਹਿਣੇ ਨੇ ਬਾਣੀ ਸੁਣੀ। ਸੁਣ ਕੇ ਪਰਭਾਵਤ ਹੋਇਆ। ਦਿਲ ਨੇ ਹਲੂਣਾ ਖਾਧਾ। ਰਚਨਹਾਰੇ ਦੇ ਦਰਸ਼ਨਾਂ ਲਈ ਮਨ ਵਿੱਚ ਰੀਝ ਉਠੀ। ਲਹਿਣਾ ਇਮਾਨਦਾਰ ਸੀ, ਸੱਚਾ ਸੀ, ਧਾਰਮਕ ਬਿਰਤੀਆਂ ਦਾ ਪਖੰਡ ਨਹੀਂ ਸੀ ਕਰਦਾ। ਕਰਤਾਰਪੁਰ ਪਹੁੰਚਿਆ। ਪਹਿਲੀ ਮੁਲਾਕਾਤ ਵਿੱਚ ਹੀ ਗੁਰੂ ਦਾ ਚੇਲਾ ਬਣ ਗਿਆ।

ਚੇਲੇ ਵਧ ਰਹੇ ਸਨ। ਅਸਲ ਚੇਲੇ ਕੌਣ ਹਨ ? ਇਮਤਿਹਾਨ ਹੁੰਦੇ। ਗੁਰੂ ਨਾਨਕ ਆਪਣੇ ਪੁੱਤਰਾਂ ਤੋਂ ਬਹੁਤ ਪਰਭਾਵਤ ਨਹੀਂ ਸਨ। ਸਾਰੇ ਚੇਲਿਆਂ ਤੋਂ ਵੀ ਕਿਵੇਂ ਹੋ ਸਕਦੇ ਸਨ ? ਇਕ ਵਾਰ ਦੀ ਗੱਲ ਹੈ। ਉਨ੍ਹਾਂ ਸ਼ਿਕਾਰੀ ਕੁੱਤੇ ਲਏ। ਹੱਥ ਵਿੱਚ ਚਾਕੂ ਤੇ ਕਪੜੇ ਪਾਟੇ ਹੋਏ। ਜੰਗਲ ਵਲ ਨੂੰ ਭੱਜੀ ਜਾ ਰਹੇ ਸਨ। ਗੁਰੂ ਅੱਗੇ ਅੱਗੇ, ਚੇਲੇ ਪਿਛੇ ਪਿਛੇ। ਕਈ ਤਾਂ ਗੁਰੂ ਦੇ ਰੂਪ ਨੂੰ ਹੀ ਅਸਲ ਸਮਝ ਬੈਠੇ ਤੇ ਪਾਗਲ ਕਹਿ ਪਿਛਾਂਹ ਪਰਤ ਗਏ। ਗੁਰੂ ਨਾਨਕ ਬਹੁਤ ਅੱਗੇ ਸਨ। ਰਾਹ ਵਿੱਚ ਸਿੱਕੇ ਸੁਟਦੇ ਗਏ। ਰੌਲਾ ਪਾਉਂਦੇ ਰਹੇ। ਚੇਲੇ ਘਟਦੇ ਗਏ। ਥੋੜੀ ਦੂਰ ਜਾ ਕੇ ਕੁੱਝ ਚੇਲਿਆਂ ਨੂੰ ਤਾਂਬੇ ਦੇ ਸਿੱਕੇ ਮਿਲੇ ਤੇ ਉਹ ਚੁੱਕ ਕੇ ਮੁੜ ਗਏ। ਤਾਂਬੇ ਦੇ ਸਿੱਕਿਆਂ ਤੇ ਵੀ ਲੜਾਈ ਝਗੜਾ ਹੋਇਆ। ਖੋਹ-ਖੁਹਾਈ ਹੋਈ। ਅੱਗੇ ਵਧੇ ਤਾਂ ਚਾਂਦੀ ਦੇ ਸਿੱਕੇ ਸਨ। ਚਾਂਦੀ ਦੇ ਸਿੱਕੇ ਪਰਾਪਤ ਕਰਨ ਲਈ ਲੜਾਈ ਹੋਈ। ਗੁਰੂ ਨਾਨਕ ਅੱਗੇ ਹੀ ਅੱਗੇ ਜਾ ਰਹੇ ਸਨ। ਚੇਲਿਆਂ ਦੀ ਗਿਣਤੀ ਕਾਫ਼ੀ ਘੱਟ ਗਈ ਸੀ। ਸੋਨੇ ਦੇ ਸਿਕਿਆਂ ਨੇ ਲਗ ਭਗ ਸਭ ਨੂੰ ਮੋਹ ਲਿਆ।

ਲਹਿਣਾ ਤੇ ਦੋ ਸ਼ਿਸ਼ ਰਹਿ ਗਏ। ਗੁਰੂ ਨਾਨਕ ਹੁਣ ਲਾਸ਼ ਕੋਲ ਖੜੇ ਸਨ। ਬੜੀ ਹੀ ਬਦਬੂ ਸੀ।

"ਮੇਰੇ ਨਾਲ ਜਿਸ ਨੇ ਰਹਿਣਾ ਹੈ, ਲਾਸ਼ ਦਾ ਮਾਸ ਖਾਵੇ ।" ਗੁਰੂ ਨਾਨਕ ਨੇ ਕਿਹਾ। ਦੋ ਸ਼ਿਸ਼ ਇਹ ਸੁਣ ਭੱਜ ਗਏ। ਉਨ੍ਹਾਂ ਨੂੰ ਆਪਣੇ ਸਾਥੀ ਸੱਚੇ ਲਗੇ ਜਿਹੜੇ ਬਹੁਤ ਪਹਿਲਾਂ ਨਾਨਕ ਨੂੰ ਪਾਗਲ ਸਮਝ ਕੇ ਪਿਛਾਂਹ ਪਰਤ ਗਏ ਸਨ। ਕੇਵਲ ਲਹਿਣਾ ਰਹ ਗਿਆ। ਅੱਗੇ ਵਧਿਆ। ਲਾਸ਼ ਤੋਂ ਕਪੜਾ ਚੁੱਕਣ ਲਗਿਆ। ਗੁਰੂ ਨਾਨਕ ਨੇ ਰੋਕ ਦਿੱਤਾ।

"ਤੂੰ ਮੇਰੇ ਵਿਸ਼ਵਾਸ਼ ਦਾ ਪਾਤਰ ਹੈਂ,' ਗੁਰੂ ਨਾਨਕ ਨੇ ਲਹਿਣੇ ਨੂੰ ਜੱਫੀ ਵਿੱਚ ਲੈ ਲਿਆ। ਲਹਿਣਾ ਮੇਰਾ ਅੰਗ ਹੈ। ਗੁਰੂ ਨਾਨਕ ਨੇ ਸੰਗਤ ਵਿੱਚ ਕਿਹਾ। ਪੁੱਤਰ ਅੰਗ ਨਾ ਬਣ ਸਕੇ । ਸ਼ਰਧਾ, ਵਿਸ਼ਵਾਸ਼ ਤੇ ਭਗਤੀ ਨਾਲ ਲਹਿਣਾ ਗੁਰੂ ਨਾਨਕ ਦਾ ਅੰਗ ਬਣ ਗਿਆ ।

ਗੁਰੂ ਨਾਨਕ ਖੇਤਾਂ ਵਿੱਚ ਆਪ ਕੰਮ ਕਰਦੇ। ਉਮਰ ਦੇ ਭਾਵੇਂ ਵੱਡੇ ਹੋ ਗਏ ਸਨ, ਪਰ ਹੱਥੀਂ ਕੰਮ ਕਰਨਾ ਉਨ੍ਹਾਂ ਨੂੰ ਖੁਸ਼ੀ ਦੇਂਦਾ ਸੀ। ਸਮਾਜ ਵਿੱਚ ਹਰ ਇਕ ਨੂੰ ਕੰਮ ਕਰਨਾ ਚਾਹੀਦਾ ਹੈ। ਵਿਹਲੜ ਸਮਾਜ ਤੇ ਬੋਝ ਹਨ, ਧੱਬਾ ਹਨ। ਜੋ ਲੋਕਾਂ ਨੂੰ ਕਹਿਣਾ ਹੈ, ਆਪ ਕਰਨਾ ਹੈ। ਜਿਸ ਰੱਬ ਦੇ ਰਾਜ਼ ਨੂੰ ਪਾਉਣ ਲਈ ਜਵਾਨ ਹੋ ਰਹੇ ਨਾਨਕ ਨੇ ਖੇਤੀ ਛੱਡੀ ਸੀ, ਉਹ ਰੱਬ ਹੱਥੀਂ ਕੰਮ ਕੀਤੇ ਬਿਨਾਂ ਨਹੀਂ ਮਿਲਦਾ, ਗੁਰੂ ਨਾਨਕ ਨੇ ਇਹ ਅਨੁਭਵ ਕਰ ਲਿਆ ਸੀ। ਮਹਿਤਾ ਕਾਲੂ ਨਾਨਕ ਨੂੰ ਖੇਤੀ ਵਿੱਚ ਨਹੀਂ ਸੀ ਪਰਚਾ ਸਕਿਆ । ਹੁਣ ਨਾਨਕ ਫਸਲ ਕੱਟਦੇ ਵੇਖਕੇ ਬੜਾ ਹੀ ਖੁਸ਼ ਹੁੰਦਾ। ਭੱਰੀਆਂ ਚੁਕਣ ਤੋਂ ਰੋਕਦਾ ਪਰ ਗੁਰੂ ਨਾਨਕ ਵਿੱਚ ਅਜੇ ਵੀ ਜਵਾਨਾਂ ਵਾਲੀ ਤਾਕਤ ਸੀ। ਸ਼ਰੀਰਕ ਤਾਕਤ ਦੇ ਨਾਲ ਨਾਲ ਮਾਨਸਕ ਸ਼ਕਤੀ ਵੀ ਸੀ । ਰੱਬ ਦੇ ਨਾਂ ਦਾ ਉਪਦੇਸ਼ ਦੇਣ ਵਾਲੇ ਪੁਜਾਰੀ, ਅਲ੍ਹਾ ਦਾ ਰਾਹ ਵਿਖਾਉਣ ਵਾਲੇ ਫਕੀਰ ਹੱਥੀਂ ਕੰਮ ਨਹੀਂ ਕਰਦੇ ਸਨ । ਗੁਰੂ ਨਾਨਕ ਆਪਣੀ ਕਮਾਈ ਤੇ ਜ਼ੋਰ ਦੇਂਦੇ ਸਨ। ਦਸਾਂ ਨਹੁੰਆਂ ਦੀ ਕਿਰਤ ਨੂੰ ਕਿਰਤ ਮੰਨਦੇ ਸਨ। ਮਿੱਟੀ ਨਾਲ ਮਿੱਟੀ ਹੋ, ਮਿੱਟੀ ਵਿਚੋਂ ਸੋਨਾ ਪੈਦਾ ਕਰਨਾ ਜੀਵਨ ਦਾ ਮਨੋਰਥ ਸਮਝਦੇ ਸਨ।

ਕਮਾਈ ਕੇਵਲ ਆਪਣੇ ਤੇ ਖਰਚ ਨਹੀਂ ਹੋਣੀ ਚਾਹੀਦੀ। ਇਕ ਥਾਂ ਤੇ ਇਕੋ ਜਿਹਾ ਖਾਣਾ ਉਹ ਜੀਵਨ ਦਾ ਆਦਰਸ਼ ਮੰਨਦੇ ਸਨ। ਲੰਗਰ ਏਸੇ ਲਈ ਚਲਾਇਆ ਸੀ। ਕਰਤਾਰਪੁਰ ਵਿਚ ਸੰਗਤ ਹੀ ਲੰਗਰ ਦਾ ਪਰਬੰਧ ਕਰਦੀ ਤੇ ਸੰਗਤ ਦੀ ਮਾਇਆ ਤੋਂ ਹੀ ਇਹ ਚਲਦੇ। ਕੁਝ ਲੋਕਾਂ ਨੇ 'ਸੁਚ' ਆਦਿ ਦੇ ਖਿਆਲ ਨਾਲ ਲੰਗਰ ਤੇ ਇਤਰਾਜ਼ ਵੀ ਕੀਤਾ ਪਰ ਗੁਰੂ ਜੀ ਨੇ ਅੰਦਰ ਦੀ ਸੁਚ ਤੇ ਜ਼ੋਰ ਦੇ ਕੇ ਹਰ ਧਰਮ, ਹਰ ਜਾਤ ਵਾਲੇ ਨੂੰ ਇਕੋ ਥਾਂ ਬੈਠ ਕੇ ਖਾਣ ਦਾ ਆਦੇਸ਼ ਦਿੱਤਾ । ਸਭ ਬਰਾਬਰ ਹਨ । ਇਨਸਾਨ ਇਨਸਾਨ ਵਿੱਚ ਕੋਈ ਫਰਕ ਨਹੀਂ। ਲੰਗਰ ਕਿਸੇ ਤਰ੍ਹਾਂ ਦੇ ਫਰਕ ਨੂੰ ਪਰਵਾਨ ਨਹੀਂ ਕਰਦਾ । ਸਾਖੀ ਪਰਸਿੱਧ ਹੈ............ਗੁਰੂ ਦੇ ਲੰਗਰ ਵਿਚ ਸਵੇਰੇ ਤੇ ਸ਼ਾਮ ਦੇ ਸਤ ਸੰਗਾਂ ਮਗਰੋਂ ਸਭ ਨੂੰ ਪਰਸ਼ਾਦ ਮਿਲਦਾ ਸੀ। ਹਰ ਕਿਸੇ ਦੀ, ਭਾਵੇਂ ਉਹ ਕਿਸੇ ਜਾਤ, ਗੋਤ, ਦੇਸ, ਧਰਮ ਜਾਂ ਪਦਵੀ ਦਾ ਹੁੰਦਾ, ਇਕੋ ਜਿਹੀ ਸੇਵਾ ਹੁੰਦੀ। ਸਭ ਸ਼ਰੇਣੀਆਂ ਦੇ ਲੋਕ ਇਕੱਠੇ ਪੰਗਤ ਵਿੱਚ ਬੈਠਦੇ ਸਨ; ਊਚ ਨੀਚ ਦਾ ਖਿਆਲ ਨਹੀਂ ਸੀ ਕੀਤਾ ਜਾਂਦਾ। ਇਕ ਦਿਨ ਇਕ ਬਰਾਹਮਣ ਗੁਰੂ ਜੀ ਪਾਸ ਆਇਆ। ਉਸ ਨੇ ਭਿਛਿਆ ਲਈ ਬੇਨਤੀ ਕੀਤੀ । ਗੁਰੂ ਜੀ ਨੇ ਉਸ ਨੂੰ ਕਿਹਾ ਕਿ ਸਾਂਝੇ ਲੰਗਰ ਵਿੱਚ ਜਾ ਕੇ ਹੋਰਨਾਂ ਦੇ ਨਾਲ ਪਰਸ਼ਾਦੇ ਛਕ

ਲਵੇ । ਪਰ ਉਸ ਨੇ ਅਜੇਹਾ ਕਰਨੋਂ ਨਾਂਹ ਕਰ ਦਿੱਤੀ । ਉਸ ਨੇ ਕਿਹਾ, 'ਜੇ ਮੈਂ ਇਸ ਤਰ੍ਹਾਂ ਕਰਾਂ ਤਾਂ ਭਿਟਿਆ ਜਾਵਾਂਗਾ । ਮੈਂ ਤਾਂ ਆਪਣੀ ਹਥੀਂ ਆਪਣੇ ਢੰਗ ਨਾਲ ਤਿਆਰ ਕੀਤਾ ਭੋਜਨ ਹੀ ਪਾ ਸਕਦਾ ਹਾਂ । ਮੈਂ ਇਕ ਹੱਥ ਦੀ ਡੂੰਘਾਈ ਤੀਕ ਜ਼ਮੀਨ ਪੁਟਾਂਗਾ ਤਾਂ ਜੋ ਇਸ ਦੀ ਉਪਰਲੀ ਤਹਿ ਵਾਲੀ ਭਿੱਟ ਦੂਰ ਹੋ ਜਾਵੇ, ਫੇਰ ਮੈਂ ਪੋਚਾ ਫੇਰ ਕੇ ਪੂਰੀ ਵਿਧੀ ਅਨੁਸਾਰ ਚੌਂਕਾ ਤੇ ਚੁਲ੍ਹਾ ਤਿਆਰ ਕਰਾਂਗਾ । ਇਸ ਚੌਂਕੇ ਵਿੱਚ ਹੋਰ ਕਿਸੇ ਨੂੰ ਵੜਨ ਨਹੀਂ ਦਿਆਂਗਾ । ਗੁਰੂ ਜੀ ਨੇ ਕਿਹਾ ਕਿ ਅਸੀਂ ਤੈਨੂੰ ਸੁਕੀ ਕਚੀ ਰਸਦ ਦੇ ਦਿਆਂਗੇ, ਪਰ ਤੂੰ ਪਹਿਲਾਂ ਚੌਂਕੇ ਦੀ ਥਾਂ ਚੁਣ ਦੇ ਚੌਂਕਾ ਤਿਆਰ ਕਰ ਆ ।

ਬਰਾਹਮਣ ਲੱਗਾ ਰਿਹਾ । ਧਰਤੀ ਪੁੱਟੀ, ਹਡੀਆਂ । ਹੋਰ ਅੱਗੇ ਜਾਵੇ—ਧਰਤੀ ਪੁੱਟੀ ਕੀੜੇ, ਮਕੌੜੇ । ਉਹ ਸਾਰਾ ਦਿਨ ਲੱਗਾ ਰਿਹਾ । ਪਵਿੱਤਰ ਧਰਤੀ ਨਹੀਂ ਲੱਭੀ । ਪਵਿੱਤਰ ਚੌਂਕਾ ਨਾ ਬਣਿਆ । ਭੁੱਖ ਨੇ ਦੁਖੀ ਕੀਤਾ । ਸ਼ਾਮ ਹੋ ਗਈ । ਨਿਰਾਸ਼ ਹੋ ਲੰਗਰ ਵਿਚ ਆ ਬੈਠਾ, ਇਨਸਾਨਾਂ ਨਾਲ । ਇਨਸਾਨ ਦਾ ਬਣਾਇਆ ਪਵਿਤਰ ਬਰਾਹਮਣ ਕਿਤੇ ਪਿਛਾਂਹ ਰਹਿ ਗਿਆ ਸੀ ਜਾਂ ਭੁੱਖ ਨੇ ਇਨਸਾਨਾਂ ਦੀ ਭੁੱਖ ਨਾਲ ਮਿਲਾ ਦਿੱਤਾ ਸੀ, ਜਿਹੜੀ ਹਰ ਇਕ ਨੂੰ ਲਗਦੀ ਹੈ। ਆਲੇ-ਦੁਆਲੇ ਵਿੱਚ ਕੋਈ ਭੁੱਖਾ ਨਾ ਸੌਂਵੇ, ਗੁਰੂ ਨਾਨਕ ਨੇ ਇਸ ਦਾ ਪਰਬੰਧ ਲੰਗਰ ਰਾਹੀਂ ਕੀਤਾ । ਗੁਰੂ ਨਾਨਕ ਦਾ ਵਿਸ਼ਵਾਸ਼ ਸੀ ਕਿ ਪੇਟ ਹੀ ਇਨਸਾਨ ਨੂੰ ਚੋਰ, ਕਮੀਨਾ, ਲਾਲਚੀ ਤੇ ਬੇਈਮਾਨ ਬਣਾਉਂਦਾ ਹੈ । ਪੇਟ ਦਾ ਇਲਾਜ ਇਨਸਾਨ ਨੂੰ ਚੰਗਾ ਇਨਸਾਨ ਬਣਾ ਦੇਵੇਗਾ ।

ਇਨਸਾਨ ਦੀ ਚੰਗਿਆਈ ਜਨਮ ਨਹੀਂ ਦੇਖਦੀ, ਸਥਾਨ ਨਹੀਂ ਦੇਖਦੀ, ਉਮਰ ਨਹੀਂ ਦੇਖਦੀ । ਇਹ ਭਾਵਾਂ ਦੀ ਕਹਾਣੀ ਹੈ ਤੇ ਭਾਵਾਂ ਦੀ ਹੀ ਤਰਜਮਾਨੀ ਹੈ । ਚੰਗਿਆਈ ਮਨ ਅੰਦਰ ਹੁੰਦੀ ਹੈ । ਸਵੇਰ ਦੀ ਸੰਗਤ ਵਿੱਚ ਗੁਰੂ ਨਾਨਕ ਇਕ ਬੱਚੇ ਨੂੰ ਨਿਤ ਵੇਖਦੇ । ਆਪਣਾ ਬਚਪਨ ਯਾਦ ਕਰਦੇ । ਉਸ ਨਾਲ ਗੱਲ-ਬਾਤ ਕਰਨੀ ਚਾਹੁੰਦੇ । ਜਾਨਣਾ ਚਾਹੁੰਦੇ ਕਿ ਇਹ ਕਿਉਂ ਹਰ ਰੋਜ਼ ਆਉਂਦਾ ਹੈ ? ਉਸ ਦੇ ਮਨ ਨੂੰ ਪੜ੍ਹਨਾ ਚਾਹੁੰਦੇ । ਬਾਲ ਨਾਨਕ ਦਾ ਮਨ ਕਿਸੇ ਨਹੀਂ ਸੀ ਪੜ੍ਹਿਆ । ਗੁਰੂ ਨਾਨਕ ਬੱਚੇ ਨੂੰ ਉਹ ਦੇਣਾ ਚਾਹੁੰਦੇ ਸਨ ਜੋ ਉਨ੍ਹਾਂ ਨੂੰ ਨਹੀਂ ਸੀ ਮਿਲਿਆ :—

ਨਾਨਕ—ਕਾਕਾ ਤੇਰੀ ਉਮਰ ਸੌਣ ਦੀ ਹੈ । ਤੂੰ ਕਿਉਂ ਨਿਤ ਸਵੇਰੇ ਸਵੇਰੇ ਉਠਦਾ ਹੈਂ ਤੇ ਏਥੇ ਆਉਂਦਾ ਹੈਂ ।

ਬਾਲਕ—ਮਨ ਦੇ ਸੰਤੋਸ਼ ਲਈ ।

ਨਾਨਕ—ਤੈਨੂੰ ਕਾਹਦਾ ਅਸੰਤੋਸ਼ ਹੈ ?

ਬਾਲਕ—ਮੇਰੀ ਮਾਂ ਨਿਤ ਅੱਗ ਬਾਲਦੀ ਹੈ । ਮੈਂ ਨਿਤ ਵੇਖਦਾ ਹਾਂ ਛੋਟੀਆਂ ਲਕੜੀਆਂ ਪਹਿਲਾਂ ਜਲ ਜਾਂਦੀਆਂ ਹਨ । ਮੈਂ ਵੀ ਛੋਟਾ ਹਾਂ, ਮੈਨੂੰ ਲਗਦਾ ਹੈ ਮੈਂ ਵੀ ਜਲਦੀ ਮਰ ਜਾਵਾਂਗਾ !

ਨਾਨਕ—ਫੇਰ ਕੀ ?

ਬਾਲਕ—ਮੈਂ ਡਰ ਗਿਆ ਹਾਂ, ਰੱਬ ਦਾ ਆਸਰਾ ਚਾਹੁੰਦਾ ਹਾਂ, ਇਸ ਲਈ ਨਿਤ ਆਉਂਦਾ ਹਾਂ।

ਨਾਨਕ—ਕਾਸ਼, ਸਾਰੇ ਹੀ ਤੇਰੇ ਵਾਂਗ ਮੌਤ ਤੋਂ ਡਰਿਆ ਕਰਨ। ਨਾਮ ਜਪਿਆ ਕਰਨ ਤੇ ਚੰਗੇ ਚੰਗੇ ਬਣਿਆ ਕਰਨ।

ਕਰਤਾਰਪੁਰ ਦਾ ਜੀਵਨ ਬਹੁਤ ਹੀ ਸਾਦਾ ਪਰ ਨੇਮ ਵਾਲਾ ਸੀ। ਸੂਰਜ ਚੜ੍ਹਨ ਤੋਂ ਪਹਿਲਾਂ ਇਸ਼ਨਾਨ ਕਰਦੇ, ਬਾਣੀ ਦਾ ਉਚਾਰਣ ਕਰਦੇ। ਆਸਾ ਦੀ ਵਾਰ ਦਾ ਕੀਰਤਨ ਹੁੰਦਾ। ਫੇਰ ਜਪੁਜੀ ਦਾ ਪਾਠ ਹੁੰਦਾ। ਗੁਰੂ ਨਾਨਕ ਸ਼ਰਧਾਲੂਆਂ ਦੇ ਸਵਾਲਾਂ ਤੇ ਸ਼ੰਕਿਆਂ ਦਾ ਉੱਤਰ ਦੇਂਦੇ। ਆਰਤੀ ਦੇ ਨਾਲ ਸਵੇਰ ਦੀ ਬੈਠਕ ਖਤਮ ਹੁੰਦੀ। ਬਾਹਰੋਂ ਆਏ ਛਾਹ-ਵੇਲਾ ਕਰਦੇ। ਉਨ੍ਹਾਂ ਦੇ ਖਾਣ ਪੀਣ ਦਾ ਪਰਬੰਧ ਉਥੇ ਹੀ ਹੁੰਦਾ। ਕਰਤਾਰਪੁਰ ਵਿੱਚ ਰਹਿਣ ਵਾਲੇ ਲੋਕ ਆਪਣੇ ਆਪਣੇ ਘਰੀਂ ਜਾਂਦੇ। ਖਾ ਪੀ, ਆਪਣੇ ਕੰਮ ਤੇ ਚਲੇ ਜਾਂਦੇ। ਗੁਰੂ ਨਾਨਕ ਦੇ ਹਰ ਸ਼ਰਧਾਲੂ ਨੂੰ ਆਪ ਕੰਮ ਕਰਨਾ ਪੈਂਦਾ ਸੀ। ਸ਼ਾਮ ਨੂੰ ਫੇਰ ਸੰਗਤ ਜੁੜਦੀ। ਕੀਰਤਨ ਹੁੰਦਾ।

ਨਾਨਕ ਦੇ ਸੁਲਤਾਨਪੁਰ ਜੀਵਨ ਅਤੇ ਗੁਰੂ ਨਾਨਕ ਦੇ ਕਰਤਾਰਪੁਰ ਜੀਵਨ ਦੇ ਨਿਤਨੇਮ ਵਿਚ ਬਹੁਤ ਫ਼ਰਕ ਨਹੀਂ ਸੀ। ਫ਼ਰਕ ਕੇਵਲ ਇਹ ਸੀ ਕਿ ਉਸ ਵੇਲੇ ਨਾਨਕ ਮੋਦੀ ਖਾਨੇ ਵਿੱਚ ਨੌਕਰ ਸੀ ਤੇ ਹੁਣ ਕਿਸਾਨ। ਨਾਨਕ ਰੱਬ ਦਾ ਭਗਤ ਉਸ ਵੇਲੇ ਵੀ ਸੀ ਤੇ ਹੁਣ ਵੀ, ਫ਼ਰਕ ਇਹ ਸੀ ਕਿ ਉਸ ਵੇਲੇ ਉਹ ਉਨਾਂ ਸਪਸ਼ਟ ਨਹੀਂ ਸੀ। ਮਨ ਅੰਦਰ ਭਟਕਣ ਸੀ। ਸੱਚ ਕੀ ਹੈ ? ਝੂਠ ਕੀ ਹੈ ? ਕੌਣ ਠੀਕ ਹੈ ? ਕੌਣ ਗਲਤ ? ਕਿਥੇ ਕੀ ਨੁਕਸ ਹੈ ? ਨਾਨਕ, ਗੁਰੂ ਨਾਨਕ, ਜੀਵਨ, ਜੀਵਨ ਦੇ ਮਨੋਰਥ ਅਤੇ ਜੀਵਨ ਦੇ ਰਾਹ ਬਾਰੇ ਹੁਣ ਸਪਸ਼ਟ ਸਨ।

ਆਪਣੇ ਪੁੱਤਰ ਦੀ ਮਹਿਮਾ ਵੇਖ ਕੇ ਮਾਤਾ ਤ੍ਰਿਪਤਾ ਤੇ ਪਿਤਾ ਮਹਿਤਾ ਕਾਲੂ ਬਹੁਤ ਹੀ ਖੁਸ਼ ਸਨ। ਰਬਾਬੀ ਮਰਦਾਨਾ ਸੰਸਾਰਕ ਯਾਤਰਾ ਪੂਰੀ ਕਰ ਗਿਆ ਸੀ। ਮਰਦਾਨੇ ਦੀ ਥਾਂ ਉਸਦੇ ਪੁਤਰ ਸ਼ਹਿਜਾਦੇ ਨੇ ਲੈ ਲਈ। ਸ਼ਹਿਜਾਦੇ ਨੂੰ ਵੀ ਰਾਗ ਦੀ ਬੜੀ ਸੂਝ ਸੀ। ਗੁਰੂ ਨਾਨਕ ਬਾਣੀ ਉਚਾਰਦੇ ਰਹਿੰਦੇ, ਸ਼ਹਿਜਾਦਾ ਰਬਾਬ ਵਜਾਉਂਦਾ ਤੇ ਗਾਉਂਦਾ ਰਹਿੰਦਾ। ਲੋਕ ਯਾਦ ਕਰ ਲੈਂਦੇ। ਗੁਰੂ ਨਾਨਕ ਦੀ ਬਾਣੀ ਲੋਕਾਂ ਦਾ ਅੰਗ-ਸੰਗ ਬਣ ਗਈ।

ਗੁਰੂ ਨਾਨਕ ਅਗੰਮੀ ਕਵੀ ਹਨ। ਉਨ੍ਹਾਂ ਦੀਆਂ ਰਚਨਾਵਾਂ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹਨ। ਗਿਣਤੀ ਅਤੇ ਗੁਣ ਦੇ ਪਖ ਤੋਂ ਇਹ ਪੰਜਾਬੀ

ਸਾਹਿਤ ਦੇ ਇਤਿਹਾਸ ਵਿੱਚ ਮੀਲ-ਪੱਥਰ ਹਨ। ਭਗਤੀ, ਅਧਿਆਤਮਵਾਦ ਅਤੇ ਮਾਨਵਵਾਦ ਦੇ ਪਰਸੰਗ ਵਿੱਚ ਇਹ ਵਿਸ਼ੇਸ਼ ਸਥਾਨ ਰਖਦੀਆਂ ਹਨ। ਰਚਨਾਵਾਂ ਦਾ ਵਿਸ਼ਾ ਮੁੱਖ ਤੌਰ ਤੇ ਵਾਹਿਗੁਰੂ ਦੀ ਉਸਤਤ, ਗੁਰਮੁਖ ਦੀ ਤਾਂਘ, ਮਨਮੁਖ ਦੀ ਹਉਮੈਂ ਅਤੇ ਗ਼ੈਬੀ ਸ਼ਕਤੀ ਨਾਲ ਮਿਲਣ ਦੀ ਰੀਝ ਤੇ ਕੋਸ਼ਿਸ਼ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਭਾਰਤੀ ਸਮਾਜ ਅਤੇ ਵਿਸ਼ੇਸ਼ ਕਰਕੇ ਪੰਜਾਬ ਦੀ ਰਾਜਸੀ ਅਸਥਿਰਤਾ, ਸਮਾਜਕ ਗਿਰਾਵਟ, ਧਾਰਮਕ ਭੇਖ ਸਬੰਧੀ ਗੁਰੂ ਜੀ ਦੀ ਰਚਨਾ ਵਿੱਚ ਕਿਤੇ ਕਿਤੇ ਸੰਕੇਤ ਮਿਲਦੇ ਹਨ। 'ਜਪੁਜੀ', 'ਸਿਧ ਗੋਸ਼ਟਿ', 'ਪੱਟੀ, 'ਦਖਣੀ ਓਅੰਕਾਰ', 'ਬਾਰਾਮਾਹ', 'ਮਾਝ', 'ਮਲਾਰ' ਤੇ 'ਆਸਾ' (ਤਿੰਨ ਵਾਰਾਂ) ਤੋਂ ਬਿਨਾਂ 'ਸ਼ਲੋਕ', 'ਸ਼ਬਦ', 'ਸੋਹਿਲੇ', 'ਪਹਿਰੇ', 'ਅਲਾਹੁਣੀਆਂ' ਅਮਰ ਰਚਨਾਵਾਂ ਹਨ। ਰਚਨਾਵਾਂ ਦੇ ਅਧਿਅਨ ਤੋਂ ਕੁਝ ਵਿਚਾਰ ਸਾਹਮਣੇ ਆਉਂਦੇ ਹਨ :–

(ੳ) ਪਰਮਾਤਮਾ ਇਕ ਹੈ ਅਤੇ ਉਸਦੀ ਮੂਰਤੀ ਕੋਈ ਨਹੀਂ।
(ਅ) ਸਾਰੀ ਸ੍ਰਿਸ਼ਟੀ ਉਸੇ ਦੀ ਸਾਜੀ ਹੋਈ ਹੈ।
(ੲ) ਮਨੁਖ ਦੀ ਆਤਮਾ ਪਰਮਾਤਮਾ ਤੋਂ ਵਿਛੜੀ ਹੋਈ ਹੈ।
(ਸ) ਵਿਛੋੜੇ ਦਾ ਕਾਰਨ ਮਨੁਖ ਦੀ ਹਉਮੈਂ ਹੈ।
(ਹ) ਆਤਮਾ ਪਰਮਾਤਮਾ ਨੂੰ ਮਿਲ ਸਕਦੀ ਹੈ।
ਕ) ਮਿਲਣ ਲਈ ਗੁਰੂ ਦੀ ਲੋੜ ਹੈ।
(ਖ) ਗੁਰੂ ਨਾਮ ਦੇ ਰਾਹ ਤੇ ਪਾਵੇਗਾ।
(ਗ) ਪਰਮਾਤਮਾ ਤੇ ਮਨੁੱਖ ਵਿਚਕਾਰ ਕੰਧਾਂ ਮਨੁੱਖ ਨੇ ਆਪ ਖੜੀਆਂ ਕੀਤੀਆਂ ਹਨ ਜਿਨ੍ਹਾਂ ਨੂੰ ਤੋੜਨਾ ਚਾਹੀਦਾ ਹੈ।
(ਘ) ਹਸਦਿਆਂ ਖੇਡਦਿਆਂ, ਘਰ-ਬਾਰ ਤਿਆਗੇ ਬਿਨਾਂ ਉਸ ਨੂੰ ਮਿਲਿਆ ਜਾ ਸਕਦਾ ਹੈ।
(ਙ) ਜ਼ਾਤ-ਪਾਤ ਖ਼ਤਮ ਹੋਣੀ ਚਾਹੀਦੀ ਹੈ। ਦੋ ਤਰ੍ਹਾਂ ਦੇ ਮਨੁਖ ਹਨ। ਗੁਰਮੁਖ ਅਤੇ ਮਨਮੁਖ।
(ਚ) ਭੇਖ ਖ਼ਤਮ ਹੋਣਾ ਚਾਹੀਦਾ ਹੈ।
(ਛ) ਹਰ ਤਰ੍ਹਾਂ ਦਾ ਸ਼ੋਸ਼ਣ ਤੇ ਗੁਲਾਮੀ ਇਨਸਾਨੀਅਤ ਤੇ ਧੱਬਾ ਹੈ।
(ਜ) ਕਿਰਤ ਕਰਨੀ ਚਾਹੀਦੀ ਹੈ ਤੇ ਵੰਡ ਛਕਣਾ ਚਾਹੀਦਾ ਹੈ।

ਇਨ੍ਹਾਂ ਤੇ ਗੁਰੂ ਨਾਨਕ ਦੇ ਹੋਰ ਅਜਿਹੇ ਵਿਚਾਰਾਂ ਨੇ ਲੋਕਾਂ ਨੂੰ ਟੁੰਬਿਆ ਤੇ ਪਰੇਰਿਆ। ਸੰਗਤ ਨੇ ਇਨ੍ਹਾਂ ਵਿਚਾਰਾਂ ਨੂੰ ਕਬੂਲਿਆ ਹੈ। ਵਿਚਾਰ ਸਿਧਾਂਤ ਬਣੇ। ਸਿਧਾਂਤਾਂ ਨੇ ਸਿੱਖ ਧਰਮ ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਦੇ ਸਮੇਂ ਹਿੰਦੂ ਬਹੁਤ ਤੇ ਨਿਕੇ-ਨਿਕੇ ਭਾਗਾਂ ਵਿੱਚ ਵੰਡੇ ਹੋਏ ਸਨ। ਦੇਵੀ, ਦੇਵਤਿਆਂ ਦੀ ਗਿਣਤੀ ਅਣਗਿਣਤ ਸੀ। ਧਰਮ ਆਪਣੇ ਅਸਲ ਅਰਥ ਖੋ ਕੇ ਬਾਹਰਲੇ ਚਿੰਨ੍ਹਾਂ ਵਿੱਚ ਉਲਝ ਕੇ ਰਹਿ ਗਿਆ ਸੀ। ਆਪਣੇ-ਆਪਣੇ ਦੇਵੀ, ਦੇਵਤੇ ਨੂੰ ਮੰਨ, ਦੂਜਿਆਂ ਨੂੰ

ਭੰਡਿਆ ਤੇ ਨਿੰਦਿਆ ਜਾ ਰਿਹਾ ਸੀ । ਝਗੜੇ ਵਧ ਰਹੇ ਸਨ । ਇਸਲਾਮ ਨੂੰ ਬਹੁਤ ਕਰਕੇ ਤਲਵਾਰ ਦੇ ਜ਼ੋਰ ਤੇ ਵਧਾਉਣ ਦੀ ਕੋਸ਼ਿਸ਼ ਹੋ ਰਹੀ ਸੀ । ਇਨਸਾਨ ਦੀ ਵੰਡ ਵਧਦੀ ਜਾ ਰਹੀ ਸੀ । ਧਰਮ ਇਨਸਾਨਾਂ ਨੂੰ ਮਿਲਾਉਣ ਦੀ ਬਜਾਏ ਲੜਾ ਰਿਹਾ ਸੀ । ਮੱਕੇ ਦੀ ਯਾਤਰਾ ਵੇਲੇ ਦਾ ਪਰਸੰਗ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਉਦੇਸ਼ ਨੂੰ ਸਪਸ਼ਟ ਕਰਦਾ ਹੈ । 'ਮੇਰਾ ਪਵਿੱਤਰ ਕੰਮ ਸੰਸਾਰ ਵਿੱਚ ਸਫ਼ਰ ਕਰਨਾ ਅਤੇ ਅਜਿਹੇ ਧਰਮ ਨੂੰ ਸਥਾਪਿਤ ਕਰਨਾ ਹੈ ਜਿਸ ਵਿੱਚ ਕੇਵਲ ਇਕ ਦੀ ਪੂਜਾ ਹੋਵੇ ।' ਉਨ੍ਹਾਂ ਮਨੁੱਖ ਰਾਹੀਂ ਪਾਈਆਂ ਸਾਰੀਆਂ ਵੰਡਾਂ ਦੀ ਵਿਰੋਧਤਾ ਕੀਤੀ । ਉਨ੍ਹਾਂ ਇਕ ਸ਼ਕਤੀ ਨੂੰ ਮੰਨਿਆ ਅਤੇ 'ਸਾਰੇ ਬ੍ਰਹਮੰਡ ਵਿੱਚ ਉਸੇ ਦਾ ਹੁਕਮ ਚਲਦਾ ਹੈ' ਦਾ ਪਰਚਾਰ ਕੀਤਾ । ਇਹ ਪੈਗ਼ਾਮ ਉਹ ਵਖਰੇ ਵਖਰੇ ਸ਼ਹਿਰਾਂ, ਸੂਬਿਆਂ ਅਤੇ ਦੇਸ਼ਾਂ ਵਿੱਚ ਲੈ ਕੇ ਗਏ । ਉਨ੍ਹਾਂ ਤੋਂ ਪਹਿਲਾਂ ਕਿਸੇ ਧਾਰਮਕ ਪੈਗੰਬਰ ਨੇ ਏਨੀ ਵੱਡੀ ਯਾਤਰਾ ਆਪ ਨਹੀਂ ਕੀਤੀ । ਲੋਕਾਂ ਦੇ ਅੰਧ-ਵਿਸ਼ਵਾਸ਼ ਨੂੰ ਦੂਰ ਕਰ ਸੱਚ ਦਾ ਸੱਚਾ ਰਾਹ ਵਿਖਾਇਆ । ਸਿੱਖ ਧਰਮ ਦੇ ਕੁਛ ਸਿਧਾਂਤ ਇਹ ਹਨ :—

੧. ਵਾਹਿਗੁਰੂ ਇਕ ਹੈ । ਸਭ ਥਾਂ ਉਸ ਦਾ ਹੁਕਮ ਚਲਦਾ ਹੈ ।
੨. ਵਾਹਿਗੁਰੂ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਨਹੀਂ ਕਰਨੀ ।
੩. ਕੇਸਾਂ ਦੀ ਬੇਅਦਬੀ ਨਹੀਂ ਕਰਨੀ ।
੪. ਆਪਣੇ ਆਪ ਨੂੰ ਪੂਰੀ ਤਰ੍ਹਾਂ ਵਾਹਿਗੁਰੂ ਦੇ ਚਰਨਾਂ ਵਿਚ ਅਰਪਨ ਕਰਨਾ ।
੫. ਕੰਮ ਨੂੰ ਵਾਹਿਗੁਰੂ ਵਲੋਂ ਲਾਏ ਫ਼ਰਜ਼ ਸਮਝ ਕੇ ਕਰਨਾ । ਬੁਰੇ ਸਿੱਟੇ ਦੇ ਡਰ ਬਿਨਾਂ ਅਤੇ ਚੰਗੇ ਸਿੱਟੇ ਦੀ ਆਸ ਬਿਨਾਂ ।

ਇਨ੍ਹਾਂ ਸਿਧਾਂਤਾਂ ਦਾ ਉਹ ਪਰਚਾਰ ਕਰਦੇ ਰਹੇ । ਇਨਸਾਨੀਅਤ ਦਾ ਰਾਹ ਵਿਖਾਉਂਦੇ ਰਹੇ । ਇਨਸਾਨ ਇਨਸਾਨ ਵਿਚਕਾਰ ਪਾਈਆਂ ਇਨਸਾਨ ਦੀਆਂ ਵੰਡਾਂ ਨੂੰ ਭੰਡਦੇ ਰਹੇ । ਧਰਮ ਵਿੱਚ ਬਾਹਰੀ ਚਿਨ੍ਹਾਂ ਤੇ ਜ਼ੋਰ (ਭੇਖ) ਨੂੰ ਨਿੰਦਦੇ ਰਹੇ । ਇਨਸਾਨ ਬਰਾਬਰ ਹਨ, ਸੰਦੇਸ਼ ਦੇਂਦੇ ਰਹੇ । ਜਦ ਗੁਰੂ ਨਾਨਕ ਦੇਵ ਜੀ ਨੂੰ ਪੁਛਿਆ ਗਿਆ—"ਆਪ ਆਪਣਾ ਪਤਾ ਤਾਂ ਦਸੋ ਹਿੰਦੂ ਹੋ ਕਿ ਮੁਸਲਮਾਨ ? ਵੱਡਾ ਕੌਣ ਹੈ ਦੋਹਾਂ ਵਿਚੋਂ ।

ਗੁਰੂ ਨਾਨਕ—ਨਾ ਕੋਈ ਹਿੰਦੂ ਹੈ ਨਾ ਮੁਸਲਮਾਨ, ਜੇ ਹਨ ਤਾਂ ਦੋਵੇਂ ਨਿਕੇ, ਦੋਹਾਂ ਵਿੱਚ ਵੱਡਾ ਸੱਚ ਹੈ । ਸੱਚ ਜਿਸਦੇ ਪੱਲੇ ਹੈ, ਜੋ ਹੈ ਤਾਂ ਉਹੋ ਹਿੰਦੂ ਹੈ, ਉਹੋ ਮੁਸਲਮਾਨ ਹੈ ।"

ਪਿਆਰਾ ਤੇ ਸੁਹਣਾ ਇਨਸਾਨ ਵਿਚਾਰਾਂ ਅਤੇ ਸਾਧਨਾ ਕਰਕੇ, ਕਥਨੀ ਅਤੇ ਕਰਨੀ ਕਰਕੇ ਗੁਰੂ ਨਾਨਕ ਬਣ ਗਿਆ । ਕਲਮ ਅਤੇ ਜ਼ਬਾਨ ਰਾਹੀਂ ਇਨਸਾਨੀਅਤ ਦਾ ਪਰਚਾਰ ਕੀਤਾ । ਇਨਸਾਨੀਅਤ ਦਾ ਪੈਗੰਬਰ, ਇਨਸਾਨ ਦਾ ਚੋਲਾ, ਸਤੰਬਰ, ੧੫੩੯ ਵਿੱਚ ਕਰਤਾਰਪੁਰ ਵਿੱਚ ਛੱਡ ਗਿਆ । ਹਿੰਦੂ ਚਾਹੁੰਦੇ

ਸਨ ਕਿ ਗੁਰੂ ਨਾਨਕ ਨੂੰ ਅਗਨੀ ਭੇਟ ਕੀਤਾ ਜਾਵੇ। ਮੁਸਲਮਾਨ ਸ਼ਰਧਾਲੂ ਚਾਹੁੰਦੇ ਸਨ ਕਿ ਮਿੱਟੀ ਵਿੱਚ ਦਬਾਇਆ ਜਾਏ। ਦੋਵੇਂ ਧਰਮਾਂ ਵਾਲੇ ਰੋ ਰਹੇ ਸਨ। ਦੋਹਾਂ ਧਰਮਾਂ ਦੇ ਭੇਖ ਦੀ ਵਿਰੋਧਤਾ ਕਰਨ ਵਾਲਾ, ਸੱਚ ਦਾ ਆਸ਼ਕ, ਗੁਰੂ ਨਾਨਕ ਦੋਹਾਂ ਧਰਮਾਂ ਵਿੱਚ ਹਰਮਨ ਪਿਆਰਾ ਹੋ ਗਿਆ ਸੀ। ਦੋਵੇਂ ਉਸ ਨੂੰ ਆਪਣਾ ਸਮਝਦੇ ਸਨ :

'ਨਾਨਕ ਸ਼ਾਹ ਫਕੀਰ
ਹਿੰਦੂ ਦਾ ਗੁਰੂ
ਮੁਸਲਮਾਨ ਦਾ ਪੀਰ'

ਉਹ ਨਾ ਹਿੰਦੂ ਸੀ, ਨਾ ਮੁਸਲਮਾਨ। ਉਹ ਇਨਸਾਨ ਸੀ। ਇਨਸਾਨੀਅਤ ਉਸ ਦਾ ਧਰਮ ਸੀ। ਬਹੁਤ ਹੀ ਪਿਆਰਾ ਇਨਸਾਨ ਸੀ। ਸੱਚ ਦਾ ਆਸ਼ਕ ਸੀ। ਸੱਚ ਇਹ ਦੁਨੀਆਂ ਨਹੀਂ, ਸੱਚ ਉਹ ਹੈ, ਜਿਸ ਨੇ ਇਹ ਰਚਨਾ ਰਚੀ ਹੋਈ ਹੈ। ਉਸਦਾ ਕੋਈ ਨਾਂ ਨਹੀਂ, ਥਾਂ ਨਹੀਂ। ਉਹ ਅਨੰਤ ਹੈ, ਅਮਰ ਹੈ, ਅਚਲ ਹੈ, ਅਟਲ ਹੈ। 'ਉਸਨੂੰ' ਹਰ ਕੋਈ ਪਾ ਸਕਦਾ ਹੈ। 'ਉਸ' ਦਾ ਖ਼ਿਆਲ ਸਾਨੂੰ ਚੰਗਾ-ਚੰਗਾ ਬਨਣ ਦਾ ਸੰਦੇਸ਼ ਦੇਂਦਾ ਹੈ। ਚੰਗੇ ਇਨਸਾਨ ਬਣੀਏ। ਚੰਗੇ ਕੰਮ ਕਰੀਏ। ਚੰਗੇ-ਚੰਗੇ ਬਣੀਏ।

੫

ਉਪਦੇਸ਼

ਰਾਜਸੀ, ਆਰਥਿਕ, ਧਾਰਮਿਕ, ਸਮਾਜਕ ਅਤੇ ਸਭਿਆਚਾਰਕ ਹਾਲਤ ਦਾ ਮਨੁੱਖ ਉਤੇ ਪਰਭਾਵ ਪੈਣਾ ਕੁਦਰਤੀ ਹੈ ਪਰ ਵਿਸ਼ੇਸ਼ ਵਿਅਕਤੀ ਦਾ ਸਮਾਜ ਦੀ ਸਮੁੱਚੀ ਚਾਲ ਉਤੇ ਪਰਭਾਵ ਵੀ ਕੋਈ ਗੈਰ ਕੁਦਰਤੀ ਗੱਲ ਨਹੀਂ । ਕੁਝ ਲੋਕ ਇਕੱਲੇ ਵਿਅਕਤੀ ਦੀ ਜੁਗ ਪਲਟਾਉ ਸ਼ਕਤੀ ਤੋਂ ਸ਼ਾਇਦ ਇਨਕਾਰੀ ਹੋਣ, ਪਰ ਸੰਸਾਰ ਦੇ ਸਮੁੱਚੇ ਸਮਾਜ ਦਾ ਇਤਿਹਾਸ ਦੱਸਦਾ ਹੈ ਕਿ ਸਮਾਜ ਦੀ ਅੱਧੋਗਤੀ ਵੇਲੇ ਕਿਸੇ ਮੌਕੇ ਕੋਈ ਅਜਿਹਾ ਵਿਅਕਤੀ ਸਾਹਮਣੇ ਆਉਂਦਾ ਹੈ ਜੋ ਸਮਾਜਕ ਪਰੀਵਰਤਨ ਵਿੱਚ ਵਿਸ਼ੇਸ਼ ਸ਼ਲਾਘਾਯੋਗ ਅਤੇ ਮਹਾਨ ਹਿੱਸਾ ਪਾਉਂਦਾ ਹੈ। ਉਸ ਦੀ ਸ਼ਖਸੀਅਤ ਦਾ ਪਰਭਾਵ ਕਈ ਪੀੜ੍ਹੀਆਂ ਤੀਕ ਸ਼ਕਤੀਸ਼ਾਲੀ ਪਰਥਾ ਦੇ ਰੂਪ ਵਿੱਚ ਕਾਇਮ ਰਹਿੰਦਾ ਹੈ। ਅਜਿਹੇ ਮਹਾਨ ਆਗੂ ਹਰ ਦੇਸ਼ ਅਤੇ ਧਰਮ ਵਿੱਚ ਹੁੰਦੇ ਰਹੇ ਹਨ। ਸਮਾਜ ਇਨ੍ਹਾਂ ਨੂੰ ਮਸੀਹਾ, ਅਵਤਾਰ, ਪੈਗੰਬਰ, ਗੁਰੂ ਸਵੀਕਾਰ ਕਰ ਲੈਂਦਾ ਹੈ। ਕ੍ਰਿਸ਼ਨ, ਹਜ਼ਰਤ ਮੁਹੰਮਦ, ਈਸਾ, ਗੁਰੂ ਨਾਨਕ ਆਪਣੇ ਆਪਣੇ ਸਮੇਂ ਵਿਚ ਲੋਕਾਂ ਲਈ ਇਸੇ ਪਦ-ਪਦਵੀ ਦੇ ਧਾਰਨੀ ਬਣ ਕੇ ਆਏ।

ਗੁਰੂ ਨਾਨਕ ਸਾਹਿਬ ਦਾ ਸਮਾਂ 'ਰਾਜਿਆਂ' ਦਾ ਸਮਾਂ ਸੀ। ਸਮੁੱਚੀ ਉਪਜ, ਮਾਇਆ ਅਤੇ ਜੀਵਨ ਵਿਸ਼ੇਸ਼ ਵਿਅਕਤੀ ਦੇ ਆਲੇ ਦੁਆਲੇ ਘੁੰਮਦੇ ਸਨ। ਰਾਜ ਦੇ ਸਰਵੋਚ ਪਰਬੰਧ ਕਰਨ ਵਾਲੇ ਨੂੰ ਸੁਲਤਾਨ ਕਿਹਾ ਜਾਂਦਾ ਸੀ ਉਹ ਪ੍ਰਭੂਸੱਤਾ ਦਾ ਧਾਰਨੀ ਹੁੰਦਾ ਸੀ। ਕਾਨੂੰਨ ਉਸ ਦੀ ਇੱਛਾ ਸੀ। ਉਹ ਹਰ ਪਰਕਾਰ ਦੇ ਕਾਨੂੰਨ ਬਣਾ ਸਕਦਾ ਸੀ ਤੇ ਜਦ ਚਾਹੇ ਉਨ੍ਹਾਂ ਨੂੰ ਬਦਲ ਸਕਦਾ ਸੀ। ਕੋਈ ਉਸ ਉਤੇ ਕਿੰਤੂ ਨਹੀਂ ਕਰ ਸਕਦਾ ਸੀ। ਵੱਡੇ ਵੱਡੇ ਮਹਲ, ਹਰਮ, ਤੇਜ਼ ਰਫਤਾਰ ਘੋੜੇ, ਉਸ ਦੀ ਸ਼ਖਸੀਅਤ ਨੂੰ

ਬਾਕੀਆਂ ਨਾਲੋਂ ਵਖਰਿਆਉਂਦੇ ਸਨ। ਲੋਕਾਂ ਦੀ ਮਿਹਨਤ ਰਾਜੇ ਦੀ ਐਸ਼ ਦਾ ਸਾਮਾਨ ਸੀ। ਰਾਜੇ ਦੇ ਵਜ਼ੀਰ, ਦੀਵਾਨ, ਚੌਧਰੀ ਅਤੇ ਅਹਿਲਕਾਰ ਰਾਜੇ ਵਾਂਗ ਹੀ ਅੱਯਾਸ਼ ਸਨ। ਗੁਰੂ ਨਾਨਕ ਦੇਵ ਜੀ ਇਸ ਢਾਂਚੇ ਤੋਂ ਅਸੰਤੁਸ਼ਟ ਸਨ। ਉਨ੍ਹਾਂ ਤਿੰਨ ਲੋਧੀ ਸੁਲਤਾਨਾਂ, ਬਹਿਲੋਲ ਲੋਧੀ, ਸਿਕੰਦਰ ਲੋਧੀ, ਇਬਰਾਹੀਮ ਲੋਧੀ ਤੇ ਦੋ ਮੁਗਲਾਂ, ਬਾਬਰ ਤੇ ਹਮਾਯੂੰ ਦਾ ਰਾਜ ਤੱਕਿਆ। ਉਨ੍ਹਾਂ ਆਪਣੇ ਜੀਵਨ ਤੇ ਰਚਨਾ ਵਿੱਚ ਕਿਸੇ ਇਕ ਰਾਜੇ ਦੀ ਵੀ ਉਸਤਤ ਨਹੀਂ ਕੀਤੀ। ਗੁਰੂ ਜੀ ਜਾਣਦੇ ਸਨ ਕਿ ਰਾਜ-ਸੱਤਾ ਲੋਕਾਂ ਲਈ ਹਮਦਰਦੀ ਨਹੀਂ ਰਖਦੀ ਤੇ ਲੋਕਾਂ ਦੀ ਮੇਹਨਤ ਤੇ ਐਸ਼ ਕਰਦੀ ਹੈ। ਉਹ ਰਾਜਸੀ-ਪਰਬੰਧ ਨੂੰ ਇਕੱਲੇ ਬਦਲ ਤਾਂ ਨਹੀਂ ਸਕਦੇ, ਪਰ ਲੋਕਾਂ ਵਿੱਚ ਇਨ੍ਹਾਂ ਰਾਜਿਆਂ ਪ੍ਰਤੀ ਘ੍ਰਿਣਾ ਉਹਨਾਂ ਨੇ ਪੈਦਾ ਕੀਤੀ :—

"ਰਾਜੇ ਸ਼ੀਂਹ ਮੁਕਦਮ ਕੁੱਤੇ"

ਰਾਜ ਕਰਮਚਾਰੀਆਂ ਦਾ ਨਿਸ਼ਾਨਾ ਰਾਜੇ ਵਰਗੀ ਜ਼ਿੰਦਗੀ ਬਿਤਾਉਣਾ ਸੀ। ਇਸ ਅੱਯਾਸ਼ ਜ਼ਿੰਦਗੀ ਲਈ ਉਹ ਲੋਕਾਂ ਦਾ ਖ਼ੂਨ ਚੂਸਦੇ ਸਨ। ਭ੍ਰਿਸ਼ਟਾਚਾਰ ਉਹ ਆਪ ਕਰਦੇ ਸਨ। ਵੱਢੀ ਦਿੱਤੇ ਬਿਨਾਂ ਕੋਈ ਕੰਮ ਨਹੀਂ ਸੀ ਹੁੰਦਾ। ਨਿਆਂ ਲੋਕਾਂ ਨੂੰ ਮਿਲ ਨਹੀਂ ਸੀ ਰਿਹਾ, ਗੁਰੂ ਸਾਹਿਬ ਦੇ ਸ਼ਬਦਾਂ ਵਿਚ :—

"ਲਏ ਦਿਤੇ ਵਿਣੁ ਰਹੇ ਨ ਕੋਇ
ਰਾਜਾ ਨਿਆਉ ਕਰੇ ਹਥਿ ਹੋਇ
ਕਹੈ ਖ਼ੁਦਾਇ ਨ ਮਾਨੈ ਕੋਇ"

ਰਾਜੇ ਉਸਦੇ ਰਾਜ ਪਰਬੰਧ ਅਤੇ ਰਾਜ ਪਰਬੰਧ ਪ੍ਰਤੀ ਲੋਕਾਂ ਦਾ ਪ੍ਰਤੀਕਰਮ ਗੁਰੂ ਸਾਹਿਬ ਦੀ ਰਚਨਾ ਵਿਚ ਪਰਤਖ ਹੈ :—

"ਕਲਿ ਹੋਈ ਕੁੱਤੇ ਮੁਹੀ ਖਾਜ ਹੋਇਆ ਮੁਰਦਾਰ"

ਸਮਾਜ ਵਿੱਚ ਤਬਦੀਲੀ ਰਾਜ-ਪਰਬੰਧ ਦੇ ਪਰਭਾਵ ਹੇਠ ਵੀ ਆਉਂਦੀ ਹੈ। ਸਾਹਿਤਕਾਰ ਵੀ ਆਪਣੀ ਰਚਨਾ ਨਾਲ ਆਲੇ-ਦੁਆਲੇ ਅਤੇ ਆਉਣ ਵਾਲੇ ਸਮੇਂ ਨੂੰ ਬਦਲਦਾ ਹੈ। ਕਹਿਣਾ ਹੀ ਕਾਫੀ ਔਖਾ ਹੁੰਦਾ ਹੈ। ਕਰਨਾ ਤਾਂ ਬਹੁਤ ਹੀ ਔਖਾ। ਲਕੀਰ ਦੇ ਫ਼ਕੀਰ ਬਣੇ ਰਹਿਣਾ ਜੀਵਨ ਬਿਤਾਉਣ ਦਾ ਆਸਾਨ ਰਾਹ ਹੈ। ਪਰੰਪਰਾ ਨੂੰ ਸਵੀਕਾਰ ਨਾਂ ਕਰਨਾ ਬਹੁਤ ਵੱਡੀ ਗੱਲ ਹੈ। ਪਰੰਪਰਾ ਨੂੰ ਚੈਲੰਜ ਕਰਕੇ, ਦਲੀਲ ਨਾਲ ਖੋਜ ਪੜਤਾਲ ਕੇ ਸਹੀ ਰਾਹ ਦਸਣਾ ਅਤੇ ਨਵੀ ਪਰੰਪਰਾ ਬਣਾਉਣੀ ਹੋਰ ਵੀ ਵੱਡੀ ਗੱਲ ਹੈ।

ਮਲਕ ਭਾਗੋ ਦਾ ਸੱਦਾ-ਪੱਤਰ ਨਾ ਮੰਨਣਾ, ਲਾਲੋ ਦੀ ਕੋਧਰੇ ਦੀ ਰੋਟੀ ਨੂੰ ਵਡਿਆਉਣਾ ਸਪਸ਼ਟ ਕਰਦਾ ਹੈ ਕਿ ਗੁਰੂ ਜੀ ਆਰਥਕ ਢਾਂਚੇ ਨਾਲ ਵੀ ਸੰਤੁਸ਼ਟ ਨਹੀਂ ਸਨ। ਬੜੀ ਦਲੇਰੀ ਨਾਲ ਕਿਹਾ :—

"ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ"

ਮੱਧਕਾਲੀਨ ਸਮਾਜ ਵਿੱਚ ਰਾਜਸੀ ਖੇਤਰ ਵਿਚ ਜਿਸ ਤਰ੍ਹਾਂ ਵਜ਼ੀਰ ਹੁੰਦੇ ਸਨ, ਆਰਥਕ ਖੇਤਰ ਵਿੱਚ ਜਾਗੀਰਦਾਰ, ਉਸੇ ਤਰ੍ਹਾਂ ਧਾਰਮਿਕ ਖੇਤਰ ਵਿੱਚ ਪੰਡਤ ਤੇ ਮੌਲਵੀ ਹੁੰਦੇ ਸਨ। ਇਨ੍ਹਾਂ ਦਾ ਲੋਕਾਂ ਤੇ ਬੜਾ ਦਬਦਬਾ ਹੁੰਦਾ ਸੀ। ਇਹ ਧਰਮ ਨੂੰ ਪਾਲਦੇ ਨਹੀਂ ਸਨ, ਸਗੋਂ ਵੇਚਦੇ ਸਨ। ਲੋਕਾਂ ਨੂੰ ਧਰਮ ਦਾ ਰਾਹ ਨਹੀਂ ਸਿਖਾਉਂਦੇ ਸਨ। ਬਾਹਰਲੇ ਚਿੰਨ੍ਹਾਂ ਤੇ ਜ਼ੋਰ ਦੇ ਕੇ ਲੋਕਾਂ ਨੂੰ ਅਧਰਮੀ ਬਣਾ ਰਹੇ ਸਨ। ਇਸ ਹਕੂਮਤ ਦੇ ਖ਼ਿਲਾਫ਼ ਵੀ ਗੁਰੂ ਜੀ ਨੇ ਆਵਾਜ਼ ਉਠਾਈ, ਸਭਿਆਚਾਰਕ ਖੇਤਰ ਵਿੱਚ ਲੋਕਾਂ ਦੀ ਬੋਲੀ ਉਤੇ ਰਾਜਿਆਂ ਦੀ ਬੋਲੀ ਰਾਜ ਕਰ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਆਪ ਲੋਕਾਂ ਦੀ ਬੋਲੀ ਵਿੱਚ ਰਚਨਾ ਕੀਤੀ, ਸਗੋਂ ਪਰੰਪਰਾ ਚਲਾ ਦਿੱਤੀ।

ਅਜਿਹੇ ਹਾਲਾਤ ਵਿੱਚ ਗੁਰੂ ਜੀ ਨੇ ਆਪਣੇ ਜੀਵਨ ਅਤੇ ਰਚਨਾ ਵਿੱਚ ਰਾਜਸੀ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਈ, ਆਰਥਕ ਬੇ-ਇਨਸਾਫੀ ਤੇ ਟੀਕਾ-ਟਿੱਪਣੀ ਕੀਤੀ। ਧਾਰਮਕ ਅਧੋਗਤੀ ਦੀ ਨਿਖੇਧੀ ਕੀਤੀ ਅਤੇ ਇਨਸਾਨ ਨੂੰ ਇਨਸਾਨ ਬਨਣ ਦੀ ਪਰੇਰਨਾ ਦਿੱਤੀ।

ਸੰਸਾਰ ਦੀ ਉਤਪਤੀ ਤੇ ਵਿਕਾਸ ਬਾਰੇ ਦੋ ਪਰਕਾਰ ਦੇ ਵਿਚਾਰ ਵਧੇਰੇ ਪ੍ਰਚਲਤ ਹਨ—ਇਕ ਅਨੁਸਾਰ ਇਹ ਧਰਤੀ, ਸੂਰਜ, ਚੰਨ, ਬਨਸਪਤੀ, ਮਨੁਖ, ਉਸਦਾ ਵਿਕਾਸ ਅਤੇ ਵਿਨਾਸ਼ ਕਿਸੇ ਗੈਬੀ, ਅਦ੍ਰਿਸ਼ਟ ਸ਼ਕਤੀ ਦੇ ਅੱਧੀਨ ਹੈ, ਜਿਹੜੀ ਸ਼ਕਤੀ ਕਿ ਸੰਸਾਰ ਦੀ ਰਚਣਹਾਰ ਸੰਭਾਲਣਹਾਰ, ਪਾਲਣਹਾਰ ਤੇ ਵਿਨਾਸ਼ਕਾਰ ਹੈ। ਵੱਖ ਵੱਖ ਦੇਸ਼ਾਂ ਵਿੱਚ ਅਤੇ ਧਰਮਾਂ ਵਿੱਚ ਉਸ ਨੂੰ ਭਿੰਨ ਭਿੰਨ ਨਾਂ ਦਿੱਤੇ ਗਏ ਹਨ। ਦੂਜੇ ਵਿਚਾਰ ਅਨੁਸਾਰ ਦ੍ਰਿਸ਼ਟਮਾਨ ਸੰਸਾਰ ਹੀ ਸੱਤਯ, ਅਨਾਦੀ ਤੇ ਨਿੱਤਪਰਵਾਹ, ਸ਼ੰਭੂ, ਆਪਣੇ ਆਪ ਹੀ ਪਰਮ ਤੱਤ ਅਤੇ ਸੈ—ਨਿਯਮ ਬੱਧ ਹੈ, ਮਨੁੱਖੀ ਸਭਿਅਤਾ ਦਾ ਵਿਕਾਸ ਇਤਿਹਾਸਕ ਪੜਾਵਾਂ ਵਿਚੋਂ ਹੁੰਦਾ ਹੋਇਆ ਅਜ ਤੀਕ ਦੀ ਸ਼ਕਲ ਲੈ ਸਕਿਆ ਹੈ। ਮਾਦਾ, ਟਕਰਾ, ਕਰਮ ਅਤੇ ਪਰਤੀਕਰਮ ਚੂਲ ਹਨ, ਜਿਸ ਦੇ ਆਲੇ ਦੁਆਲੇ ਮਨੁੱਖ ਅਤੇ ਉਸ ਦੀ ਪਰਗਤੀ ਘੁੰਮ ਰਹੀ ਹੈ।

ਜਿਨ੍ਹਾਂ ਨੇ ਮਨੁਖ, ਹਰ ਦੇਸ਼ ਦੇ ਮਨੁਖ, ਹਰ ਧਰਮ ਦੇ ਜੀਵ ਦੇ ਅਸਲ ਨੂੰ ਇਕ ਮੰਨਿਆ ਹੈ, ਮਾਨਵਵਾਦੀ ਹਨ। ਮਨੁੱਖਾਂ ਨੂੰ ਮਿਲ ਕੇ ਰਹਿਣ ਦਾ ਸੰਦੇਸ਼ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਮਾਨਵਵਾਦੀ ਹਨ।

ਜੋਤ ਦੇ ਚਾਨਣ ਨੂੰ ਗੁਰੂ ਜੀ ਨੇ ਸਾਰੇ ਜਗ ਦੇ ਪਸਾਰੇ ਦਾ ਕਾਰਨ ਮੰਨਿਆ। ਰਚਨਹਾਰੇ ਦਾ ਕੋਈ ਰੂਪ ਨਹੀਂ। ਸਰਵਸ਼ਕਤੀਮਾਨ ਹੈ। ਮਨੁੱਖ ਉਸ ਨਾਲ ਇਕ ਮਿਕ ਹੋ ਸਕਦਾ ਹੈ ਭਾਵੇਂ ਉਹ ਕਿਸੇ ਦਾ ਪੁੱਤਰ ਹੋਵੇ, ਕਿਸੇ ਧਰਮ ਦਾ ਹੋਵੇ ਅਤੇ ਕਿਸੇ ਦੇਸ਼ ਦਾ ਜੰਮ-ਪਲ ਹੋਵੇ।

ਗੁਰੂ ਜੀ ਮਨੁੱਖ ਨੂੰ ਜਨਮ ਤੋਂ ਨਹੀਂ, ਕਰਮ ਤੋਂ ਪਰਖਦੇ ਸਨ। ਵਰਣ, ਜਾਤੀ ਦੇ ਭੇਦਾਂ ਵਿੱਚ ਵੰਡ ਮਨੁੱਖਾਂ ਅਤੇ ਜਨਮ ਕਾਰਨ ਊਚ-ਨੀਚ ਦੀ

ਵਿਰੋਧਤਾ ਕਰਕੇ, ਮਨੁੱਖਾਂ ਨੂੰ ਨੇੜੇ ਲਿਆਉਣ ਦੇ ਆਦਰਸ਼ਵਾਦੀ ਕੰਮ ਵਿੱਚ ਗੁਰੂ ਸਾਹਿਬ ਇਕ ਮੀਲ ਪੱਥਰ ਹਨ । ਗੁਰੂ ਸਾਹਿਬ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ :—

"ਫਕੜ ਜਾਤੀ ਫਕੜ ਨਾਉ
ਸਭਨਾ ਜੀਆ ਇਕਾ ਛਾਉ"

ਹਿੰਦੂ, ਹਿੰਦੁਸਤਾਨ ਦੇ ਆਦਿ-ਵਾਸੀ ਮੰਨੇ ਜਾਂਦੇ ਹਨ। ਮੁਸਲਮਾਨ ੭੧੪ ਈ: ਵਿੱਚ ਭਾਰਤ ਦੀ ਧਰਤੀ ਤੇ ਪੈਰ ਪਾਉਂਦੇ ਹਨ। ਮੁਹੰਮਦ ਬਿਨ ਕਾਸਮ ਤੋਂ ਪਹਿਲਾਂ ਭੀ ਮੁਸਲਮਾਨਾਂ ਵਲੋਂ ਭਾਰਤੀ ਧਰਤੀ ਉਤੇ ਕਦਮ ਜਮਾਉਣ ਦੇ ਇਕ ਤੋਂ ਵਧ ਅਸਫ਼ਲ ਯਤਨ ਹੋ ਚੁੱਕੇ ਸਨ, ਪਰ ਸਿੰਧ ਵਿੱਚ ਇਸਲਾਮ ਦਾ ਪੱਕਾ ਝੰਡਾ ਮੁਹੰਮਦ ਬਿਨ ਕਾਸਮ ਨੇ ਹੀ ਗੱਡਿਆ ਸੀ। ਹੌਲੀ-ਹੌਲੀ ਇਸਲਾਮ ਭਾਰਤ ਵਿੱਚ ਰਾਜ ਸ਼ਕਤੀ ਪੈਦਾ ਕਰਨ ਵਿੱਚ ਕਾਮਯਾਬ ਹੋ ਗਿਆ। ਰਾਜਸੀ ਤੌਰ ਤੇ ਹਿੰਦੂਆਂ ਪਾਸੋਂ ਹਕੂਮਤ ਖੁਸ ਗਈ ਅਤੇ ਤਾਕਤ ਦੇ ਜ਼ੋਰ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾਣ ਲੱਗਾ। ਧਾਰਮਕ ਖਿਚੋਤਾਣ ਵੱਧ ਗਈ। ਧਰਮ ਦੇ ਅਸਲ ਅਰਥ ਗੁੰਮ ਹੋ ਗਏ। ਭੇਖ ਵਧ ਗਿਆ। ਬਾਹਰੀ ਚਿੰਨ੍ਹਾਂ ਤੇ ਝਗੜੇ ਹੋਣ ਲਗੇ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੇ ਬਾਹਰੀ ਚਿੰਨ੍ਹਾਂ ਤੇ ਟੀਕਾ—ਟਿੱਪਣੀ ਕੀਤੀ । ਜਨੇਊ ਅਤੇ ਨਮਾਜ਼ ਦੇ ਸਹੀ ਅਰਥ ਦੱਸੇ । ਚੰਗੇ ਹਿੰਦੂ ਅਤੇ ਚੰਗੇ ਮੁਸਲਮਾਨ ਬਨਣ ਦੀ ਪਰੇਰਨਾ ਦਿੱਤੀ। ਮੁਸਲਮਾਨ ਸਾਥੀ ਮਰਦਾਨੇ ਨੂੰ ਸਾਲਾਂ ਬੱਧੀ ਨਾਲ ਰਖੱਣਾ ਉਨ੍ਹਾਂ ਦੇ ਇਨਸਾਨੀ ਪਿਆਰ ਤੇ ਗੁਣਾਂ ਨੂੰ ਅਪਨਾਉਣ ਦੀ ਰੁੱਚੀ ਦੀ ਪੁਸ਼ਟੀ ਕਰਦਾ ਹੈ । ਉਨ੍ਹਾਂ ਦੇ ਵਿਚਾਰ ਅਨੁਸਾਰ ਚੰਗੇ ਹਿੰਦੂ ਅਤੇ ਚੰਗੇ ਮੁਸਲਮਾਨ ਤਾਂ ਇਕਠੇ-ਇਕਠੇ ਰਹ ਸਕਦੇ ਹਨ, ਪਰ ਬੁਰੇ ਉਨ੍ਹਾਂ ਨੂੰ ਰਹਿਣ ਨਹੀਂ ਦੇਂਦੇ। ਉਹ ਇਨਸਾਨ ਦੇ ਹੱਕ ਵਿੱਚ ਸਨ ਤੇ ਇਨਸਾਨੀਅਤ ਦੇ ਪੁਜਾਰੀ ।

ਮਾਨਵਵਾਦੀ ਦੇਸ਼, ਧਰਮ, ਜ਼ਾਤ, ਕਿੱਤੇ ਆਦਿ ਕਿਸੇ ਭੇਖ ਨੂੰ ਮੁਢਲੀ ਮਾਨਤਾ ਨਹੀਂ ਦਿੰਦੇ। ਉਹ ਕੱਟੜ ਨਹੀਂ ਹੁੰਦੇ। ਸਹਿਨਸ਼ੀਲ ਹੁੰਦੇ ਹਨ। ਦੂਜਿਆਂ ਦੇ ਚੰਗੇ ਵਿਚਾਰਾਂ ਨੂੰ ਅਪਨਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਜ਼ਿੰਦ ਹੀਣ ਵਿਚਾਰਾਂ ਨੂੰ ਬਦਲਣ ਦੇ ਇਛੁਕ ਹੁੰਦੇ ਹਨ। ਉਹ ਸਾਂਝੀ ਖੁਸ਼ੀ ਲਈ ਕੰਮ ਕਰਦੇ ਹਨ। ਇਨਸਾਨ ਦੀਆਂ ਪਾਈਆਂ ਹੋਈਆਂ ਵੰਡਾਂ ਨੂੰ ਖ਼ਤਮ ਕਰਨਾ ਚਾਹੁੰਦੇ ਹਨ । ਜ਼ਾਤ-ਪਾਤ ਦੇ ਖ਼ਿਲਾਫ ਗੁਰੂ ਨਾਨਕ ਦੇਵ ਜੀ ਨੇ ਬੜੀ ਦਲੇਰੀ ਨਾਲ ਆਵਾਜ਼ ਉਠਾਈ।

ਭਾਰਤ ਵਿੱਚ ਜ਼ਾਤ-ਪਾਤ ਦੀ ਸਥਿਤੀ ਬੜੀ ਪ੍ਰਾਚੀਨ ਹੈ। ਇਸ ਦੇ ਜਨਮ ਤੇ ਵਿਕਾਸ ਬਾਰੇ ਕਈ ਸਿਧਾਂਤ ਹਨ। ਬਰਾਹਮਣ, ਆਦਿ ਪੁਰਸ਼ ਦੇ ਮੂੰਹ ਵਿੱਚੋਂ, ਖਤਰੀ ਉਸਦੀ ਭੁਜਾਂ ਵਿਚੋਂ, ਵੈਸ਼ ਉਸਦੇ ਪੱਟਾਂ ਵਿੱਚੋਂ ਅਤੇ ਸ਼ੂਦਰ ਉਸਦੇ ਪੈਰਾਂ ਵਿੱਚੋਂ ਪੈਦਾ ਹੋਇਆ, ਇਹ ਰਿਗਵੇਦ ਦਾ ਸਿਧਾਂਤ, 'ਪੁਰਸ਼-ਸ਼ਕਤ' ਵਿਚ ਦਰਜ ਹੈ।

ਆਰੀਆਂ ਦੇ ਆਉਣ ਤੋਂ ਪਹਿਲਾਂ ਭਾਰਤ ਵਿੱਚ ਜ਼ਾਤ-ਪਾਤ ਬਾਰੇ ਕੋਈ ਪੱਕਾ ਨਿਰਣਾ ਨਹੀਂ ਦਿੱਤਾ ਜਾ ਸਕਦਾ। ਆਰੀਆਂ ਦੇ ਆਗਮਨ ਪਿਛੋਂ ਦਾ ਰੂਪ ਨਿਖਰ ਕੇ ਸਾਹਮਣੇ ਆਇਆ-ਖੱਤਰੀ ਬਰਾਹਮਣ ਅਤੇ ਵੈਸ਼। ਤਿੰਨਾਂ ਵਿੱਚੋਂ ਪਹਿਲ ਕਸ਼ਤਰੀਆਂ ਦੀ ਸੀ। ਕਿੱਤੇ ਨਾਲ ਮਨੁੱਖ ਦੀ ਜਾਤੀ ਦਾ ਸੰਬੰਧ ਸੀ। ਸਮੇਂ ਦੇ ਬੀਤਣ ਨਾਲ ਕਰਮ ਨਾਲੋਂ ਜਾਤੀ ਦਾ ਸੰਬੰਧ ਟੁੱਟ ਗਿਆ ਅਤੇ ਜਨਮ ਨਾਲ ਜੁੜ ਗਿਆ। ਜ਼ਾਤਾਂ ਵੀ ਚਾਰ ਬਣ ਗਈਆਂ-ਬਰਾਹਮਣ, ਕਸ਼ਤਰੀ, ਵੈਸ਼ ਅਤੇ ਸੂਦਰ। ਕਸ਼ਤਰੀਆਂ ਤੋਂ ਪਹਿਲ ਵੀ ਬਰਾਹਮਣਾਂ ਨੇ ਖੋਹ ਲਈ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਜ਼ਾਤ-ਪਾਤ ਨੇ ਬੜਾ ਹੀ ਭਿਆਨਕ ਰੂਪ ਧਾਰਨ ਕਰ ਲਿਆ ਹੋਇਆ ਸੀ। ਸ਼ੂਦਰਾਂ ਤੇ ਬੜਾ ਹੀ ਜ਼ੁਲਮ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਨੀਚ ਸਮਝਿਆ ਜਾਂਦਾ ਸੀ। ਦੇਵ ਮੰਦਰਾਂ ਵਿੱਚ ਉਹ ਜਾ ਨਹੀਂ ਸਕਦੇ ਸਨ। ਸ਼ਾਸ਼ਤਰ ਪੜ੍ਹਣ ਦੀ ਉਨ੍ਹਾਂ ਨੂੰ ਆਗਿਆ ਨਹੀਂ ਸੀ। ਪਿੰਡਾਂ ਨਗਰਾਂ ਤੋਂ ਬਾਹਰ ਰਹਿੰਦੇ ਸਨ। ਪਿੰਡ ਵਿੱਚ ਦਾਖਲ ਹੋਣ ਵੇਲੇ ਉਨ੍ਹਾਂ ਨੂੰ ਆਵਾਜ਼ਾਂ ਦੇਣੀਆਂ ਪੈਂਦੀਆਂ ਸਨ। ਇਨ੍ਹਾਂ ਦੀ ਆਵਾਜ਼ ਸੁਣ ਉਚੀਆਂ ਜ਼ਾਤਾਂ ਵਾਲੇ ਇਨ੍ਹਾਂ ਦੀ ਪਰਛਾਈਂ ਤੋਂ ਵੀ ਬਚਣ ਦੀ ਕੋਸ਼ਿਸ਼ ਕਰਦੇ। ਜੇ ਬਦਕਿਸਮਤੀ ਨਾਲ ਕਿਸੇ ਦੀ ਪਰਛਾਈਂ ਪੈ ਜਾਏ ਤਾਂ ਵਿਚਾਰੇ ਦੀ ਸ਼ਾਮਤ ਆ ਗਈ। ਉਸ ਨੂੰ ਕਰੜਾ ਦੰਡ ਦਿਤਾ ਜਾਂਦਾ। ਉਚੀਆਂ ਜ਼ਾਤਾਂ ਵਾਲੇ ਗੰਗਾ ਦੇ ਪਵਿੱਤਰ ਪਾਣੀ ਨਾਲ ਪਾਪ ਦੀ ਪਰਛਾਈਂ ਨੂੰ ਲਾਹੁੰਦੇ। ਗੁਰੂ ਨਾਨਕ ਦੇਵ ਜੀ ਨੇ ਜ਼ਾਤ-ਪਾਤ ਦੀ ਵਿਰੋਧਤਾ ਕੀਤੀ।

ਗੁਰੂ ਜੀ ਨੇ ਇਨਸਾਨ ਦੀ ਇਨਸਾਨਾਂ ਵਿੱਚ ਪਾਈ ਵੰਡ ਨੂੰ ਭੰਡਿਆ। ਜਨਮ ਨਾਲ ਕੋਈ ਵੱਡਾ ਨਹੀਂ ਹੁੰਦਾ, ਸਗੋਂ ਕਰਮ ਨਾਲ ਹੁੰਦਾ ਹੈ :—

"ਜਾਤਿ ਜਨਮੁ ਨਹ ਪੂਛੀਐ ਸਚੁ ਘਰੁ ਲੇਹੁ ਬਤਾਇ
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।"

ਜਨਮ ਕਾਰਨ ਉਚਤਾ ਨੂੰ ਜੇ ਇਕ ਪਾਸੇ ਗੁਰੂ ਜੀ ਨੇ ਭੰਡਿਆ ਤਾਂ ਦੂਜੇ ਪਾਸੇ ਜਨਮ ਕਾਰਨ ਨੀਚ ਜਾਤੀਆਂ ਵਿੱਚ ਹੀਣ-ਭਾਵ ਦੂਰ ਕਰਨ ਲਈ ਗੁਰੂ ਜੀ ਨੇ ਉਪਦੇਸ਼ ਦਿੱਤਾ ਕਿ ਜੇ ਮਨੁੱਖ ਚੰਗੇ ਕੰਮ ਕਰੇ ਅਤੇ ਹਰੀ ਦੇ ਨਾਮ ਦਾ ਸਿਮਰਣ ਕਰੇ ਤਾਂ ਉਹ ਪਰਮਾਤਮਾ ਨਾਲ ਇਕ ਮਿਕ ਹੋ ਸਕਦਾ ਹੈ। ਸੱਚ ਦੇ ਫੈਸਲੇ ਵੇਲੇ ਜਨਮ ਰੁਕਾਵਟ ਨਹੀਂ ਬਣੇਗਾ। ਕਰਮ ਹੀ ਫੈਸਲਾ ਕਰਨਗੇ :—

"ਜਾਤੀ ਦੇ ਕਿਆ ਹਥਿ ਸਚੁ ਪਰਖੀਐ"

ਗੁਰੂ ਨਾਨਕ ਦੇਵ ਜੀ ਨੇ ਕੇਵਲ ਕਥਨੀ ਰਾਹੀਂ ਜ਼ਾਤ-ਪਾਤ ਦੀ ਵਿਰੋਧਤਾ ਨਹੀਂ ਕੀਤੀ ਸਗੋਂ ਕਰਨੀ ਰਾਹੀਂ ਵੀ ਸਿੱਧ ਕੀਤਾ ਕਿ ਉਹ ਇਨਸਾਨ ਇਨਸਾਨ ਵਿੱਚ ਜਨਮ ਕਰਕੇ ਕੋਈ ਫ਼ਰਕ ਨਹੀਂ ਸਨ ਸਮਝਦੇ। ਸ਼ੂਦਰ ਲਾਲੋ ਦੇ ਘਰ

ਰਹਿਣਾ, ਉੱਚੀ ਜ਼ਾਤ ਦੇ ਭਾਗੋ ਦੇ ਭੋਜਨ ਦੇ ਮੁਕਾਬਲੇ ਤੇ ਲਾਲੋ ਦੀ ਸੁੱਕੀ ਰੋਟੀ ਨੂੰ ਪਵਿੱਤਰ ਮੰਨਣਾ ਤੇ ਖਾਣਾ ਆਪਣੇ ਆਪ ਵਿੱਚ ਉਸ ਸਮੇਂ ਇਕ ਧਮਾਕਾ ਸੀ। ਗੁਰੂ ਜੀ ਅਨੁਸਾਰ ਸਮੁੱਚੀ ਮਨੁੱਖਤਾ ਵਿੱਚ ਕੇਵਲ ਦੋ ਜਾਤਾਂ ਹਨ; ਗੁਰਮੁਖ ਅਤੇ ਮਨਮੁਖ। ਗੁਰੂ ਦੇ ਹੁਕਮ ਅਨੁਸਾਰ ਚਲਣ ਵਾਲੇ ਗੁਰਮੁਖ ਅਤੇ ਮਨ ਪਿਛੇ ਲਗਣ ਵਾਲੇ ਮਨਮੁਖ। ਸਾਨੂੰ ਗੁਰਮੁਖ ਬਨਣਾ ਚਾਹੀਦਾ ਹੈ। ਗੁਰਮੁਖ ਤਾਂ ਹੀ ਬਣ ਸਕਦੇ ਹਾਂ ਜੇ ਭੇਖ ਛਡੀਏ।

ਗੁਰੂ ਨਾਨਕ ਦੇਵ ਜੀ ਦੇ ਸਮੇਂ ਭੇਖ ਸਿਖਰਾਂ ਉਤੇ ਸੀ। ਕਿਸੇ ਵਿਸ਼ਵਾਸ਼ ਦੀ ਅਸਲ ਸਚਾਈ ਦੀ ਪਰਵਾਹ ਕੀਤੇ ਬਿਨਾਂ ਉਸ ਦੇ ਬਾਹਰਲੇ ਰੂਪ ਤੇ ਜ਼ੋਰ ਦੇਣਾ, ਬਾਹਰਲੇ ਚਿਨ੍ਹਾਂ ਨੂੰ ਹੀ ਅਸਲ ਸਮਝ ਲੈਣਾ ਭੇਖ ਹੈ। ਭੇਖ ਹਰ ਧਰਮ ਫ਼ਲਸਫੇ ਅਤੇ ਕੌਮ ਲਈ ਹਾਨੀਕਾਰਕ ਹੈ।

ਧਰਮ ਦੀ ਸੁੱਚਤਾ ਅਤੇ ਪਵਿਤਰਤਾ ਲਈ ਕੁਝ ਕੁ ਚਿੰਨ੍ਹ ਬਣੇ ਸਨ। ਸਮੇਂ ਦੇ ਬੀਤਣ ਨਾਲ ਧਰਮ ਦਾ ਅੰਤ੍ਰੀਵ ਰੂਪ ਤਾਂ ਲੋਪ ਹੋ ਗਿਆ ਪਰ ਚਿੰਨ੍ਹ ਕਾਇਮ ਰਹੇ। ਲੋਕਾਂ ਨੇ ਚਿੰਨ੍ਹਾਂ ਨੂੰ ਹੀ ਧਰਮ ਸਮਝਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਪਿਛੇ ਵੱਖ ਵੱਖ ਧਰਮਾਂ ਅਤੇ ਇਕੋ ਧਰਮ ਦੇ ਵੱਖ ਵੱਖ ਲੋਕਾਂ ਵਿਚਕਾਰ ਲੜਾਈ ਹੋਣ ਲਗੀ।

ਭਾਰਤ ਦੇ ਲੋਕਾਂ ਬਾਰੇ ਪ੍ਰਸਿੱਧ ਹੈ ਕਿ ਉਹ ਨਹਾਉਂਦੇ ਜ਼ਰੂਰ ਹਨ ਤੇ ਦਿਨ ਵਿੱਚ ਨਹਾਉਂਦੇ ਵੀ ਕਈ ਕਈ ਵਾਰ ਹਨ। ਪਾਣੀ, ਪਾਣੀ ਦੇ ਘੜੇ, ਠੰਢੇ ਯਖ ਪਾਣੀ ਦੇ ਘੜੇ ਸ਼ਰੀਰ ਉਤੇ ਡੋਲ੍ਹਦੇ ਹਨ, ਸ਼ਰੀਰ ਨੂੰ ਸਾਫ਼ ਨਹੀਂ ਕਰਦੇ। ਇਸ਼ਨਾਨ ਨੂੰ ਸ਼ਰੀਰ ਦੀ ਸਫ਼ਾਈ ਲਈ ਵੀ ਜਦ ਜ਼ਰੂਰੀ ਨਹੀਂ ਸਮਝਿਆ ਜਾਂਦਾ ਤਾਂ ਅੰਦਰ ਦੀ ਮੈਲ ਨੂੰ ਸਾਫ਼ ਕਰਨ ਲਈ ਰੀਝ ਤੇ ਸਮਾਂ ਕਿਥੇ ? ਆਪਣੇ ਦੇਸ਼ ਵਿੱਚ ਤੀਰਥ-ਇਸ਼ਨਾਨ ਦਾ ਬਹੁਤ ਹੀ ਰਿਵਾਜ ਹੈ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਤੀਰਥ-ਇਸ਼ਨਾਨ ਨਾਲ ਪਾਪ ਧੁਪ ਜਾਂਦੇ ਹਨ। ਹਰ ਤੀਰਥ ਅਸਲ ਵਿਚ ਕਿਸੇ ਨਾ ਕਿਸੇ ਮਹਾਂ-ਪੁਰਸ਼ ਦਾ ਜੀਵਨ-ਸਥਾਨ ਸੀ। ਚਾਹੀਦਾ ਤਾਂ ਇਹ ਹੈ ਕਿ ਮਹਾਂ-ਪੁਰਸ਼ਾਂ ਦੇ ਜੀਵਨ ਅਤੇ ਕੰਮਾਂ ਤੋਂ ਪਰੇਰਨਾ ਲੈਕੇ ਅਸੀਂ ਵੀ ਚੰਗੇ ਕੰਮ ਕਰੀਏ। ਹੁੰਦਾ ਇਸ ਦੇ ਬਿਲਕੁਲ ਉਲਟ ਹੈ। ਡੁਬਕੀ ਮਾਰਨ ਵਾਲੇ ਹਜ਼ਾਰਾਂ-ਲੱਖਾਂ ਨੂੰ ਮਹਾਂ-ਪੁਰਸ਼ ਬਾਰੇ ਕੁਝ ਨਹੀਂ ਪਤਾ ਹੁੰਦਾ। ਉਹ ਸਮਝਦੇ ਹਨ ਕਿ ਇਸ਼ਨਾਨ ਕਰਨ ਨਾਲ ਹੀ ਪਾਪ ਦੂਰ ਹੋ ਜਾਵੇਗਾ। ਗੁਰੂ ਜੀ ਨੇ ਅਜਿਹੇ ਭੇਖ ਤੇ ਟੀਕਾ-ਟਿੱਪਣੀ ਕੀਤੀ :—

"ਨਾਵਹਿ ਧੋਵਹਿ ਪੂਜਹਿ ਸੈਲਾ
ਬਿਨ ਹਰਿ ਰਾਤੇ ਮੈਲੋ ਮੈਲਾ"

ਗੁਰੂ ਨਾਨਕ ਦੇਵ ਜੀ ਸਫ਼ਾਈ ਅਤੇ ਸੁੱਚਮ ਦੇ ਖ਼ਿਲਾਫ਼ ਨਹੀਂ ਸਨ। ਉਹ ਚਾਹੁੰਦੇ ਸਨ ਕਿ ਮਨੁੱਖ ਦਾ ਅੰਦਰ ਸੁੱਚਾ ਹੋਣਾ ਚਾਹੀਦਾ ਹੈ। ਅੰਦਰ ਮੈਲ ਹੀ ਮੈਲ

ਹੋਵੇ, ਬੇਈਮਾਨੀ, ਝੂਠ, ਕਪਟ, ਚੋਰੀ, ਲਾਲਚ ਪਰਧਾਨ ਹੋਵੇ ਤਾਂ ਬਾਹਰ ਦੀ ਸਫ਼ਾਈ ਦਾ ਕੀ ਲਾਭ ? ਗੁਰੂ ਜੀ ਨੇ ਅਜਿਹੇ ਭੇਖ ਨੂੰ ਭੰਡਿਆ । ਉਨ੍ਹਾਂ ਸੁਨੇਹਾ ਦਿੱਤਾ ਕਿ ਮਨ ਸੁੱਚਾ ਹੋਵੇ ਤੇ ਬਾਹਰ ਸਫ਼ਾਈ ਹੋਵੇ । ਸੂਤਕ, ਸਰਾਧ, ਸੂਰਜ ਨੂੰ ਪਾਣੀ ਦੇਣਾ, ਇਕ ਪਾਸੇ ਹੀ ਪੈਰ ਰਖਣੇ ਆਦਿ ਬਾਹਰਲੇ ਚਿੰਨ੍ਹਾਂ ਦੀ ਗੁਰੂ ਜੀ ਨੇ ਆਪਣੇ ਜੀਵਨ ਅਤੇ ਰਚਨਾ ਵਿੱਚ ਵਿਰੋਧਤਾ ਕੀਤੀ :—

"ਜੇ ਕਰ ਸੂਤਕ ਮੰਨੀਐ ਸਭ ਤੈ ਸੂਤਕੁ ਹੋਇ
ਗੋਹੇ ਅਤੇ ਲਕੜੀ ਅੰਦਰਿ ਕੀੜਾ ਹੋਇ
ਜੇਤੇ ਦਾਣੇ ਅਨ ਕੇ ਜੀਆ ਬਾਝੁ ਨ ਕੋਇ
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੈ ਧੋਇ"

ਗੁਰੂ ਜੀ ਧਰਮ ਦੇ ਹੱਕ ਵਿਚ ਸਨ ਪਰ ਧਰਮ ਦੇ ਬਾਹਰਲੇ, ਥੋਦੇ ਤੇ ਫੋਕੇ ਚਿੰਨ੍ਹਾਂ ਦੇ ਖਿਲਾਫ ਜਿਹੜੇ ਕਿ ਲੋਕਾਂ ਨੂੰ ਕਮਜ਼ੋਰ ਕਰ ਰਹੇ ਸਨ । ਭੇਖ ਦਾ ਨਾਸ਼ ਧਰਮ ਦਾ ਜਨਮ ਹੈ । ਭੇਖ ਦੇ ਖ਼ਿਲਾਫ਼ ਲੜਣ ਲਈ ਸਾਹਸ ਦੀ ਲੋੜ ਹੈ । ਸਾਹਸ ਹੀ ਜੀਵਨ ਹੈ ।

ਮੱਧਕਾਲੀਨ ਸਮੇਂ ਵਿਚ ਰਾਜੇ ਦੀ ਰੀਝ ਲੋਕਾਂ ਲਈ ਹੁਕਮ ਸੀ । ਰਾਜੇ ਤੇ ਉਸਦੇ ਨਵਾਬ ਤੇ ਅਹਿਲਕਾਰ ਲੋਕਾਂ ਉਤੇ ਜ਼ੁਲਮ ਅਤੇ ਜਬਰ ਦਿਲ ਖੋਲ੍ਹ ਕੇ ਕਰਦੇ । ਲੋਕਾਂ ਵਿੱਚ ਜ਼ੁਲਮ ਦੇ ਖ਼ਿਲਾਫ਼ ਬੋਲਣ ਦੀ ਹਿੰਮਤ ਨਹੀਂ ਸੀ । ਹਿੰਦੂਆਂ ਦੀ ਹਾਲਤ ਤਾਂ ਹੋਰ ਵੀ ਦਰਦਨਾਕ ਸੀ । ਰਾਜਸੀ ਤੌਰ ਤੇ ਗੁਲਾਮ ਸਨ । ਧਾਰਮਕ ਖੇਤਰ ਵਿੱਚ ਭੇਖ ਦੇ ਚੱਕਰ ਵਿੱਚ ਉੱਲਝ ਗਏ ਸਨ । ਜਬਰ ਦੇ ਖ਼ਿਲਾਫ਼ ਲੜਣ ਲਈ ਕੋਈ ਜਥੇਬੰਦੀ ਨਹੀਂ ਸੀ । ਜ਼ੁਲਮ ਦਾ ਜ਼ਿਕਰ ਵੀ ਮੌਤ ਨੂੰ ਬੁਲਾਵਾ ਸੀ।

ਪਜਾਬ ਵਿੱਚ ਅਜਿਹੇ ਹਾਲਾਤ ਦੇ ਖਿਲਾਫ਼ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਆਪ ਆਵਾਜ਼ ਉਠਾਈ, ਸਗੋਂ ਲੋਕਾਂ ਨੂੰ ਵੀ ਬਲ ਦਿੱਤਾ, ਜ਼ੁਲਮ ਤੇ ਜਬਰ ਦੇ ਖ਼ਿਲਾਫ਼ ਲੜਣ ਲਈ, ਲੋਕਾਂ ਵਿੱਚ ਜਾਗਰਤੀ ਲਿਆਂਦੀ । ਲੋਕਾਂ ਅੰਦਰ ਸਾਹਸ ਦਾ ਸੰਚਾਰ ਕੀਤਾ ਜਿਸ ਨਾਲ ਜੇਕਰ ਉਹ ਇਕ ਦਮ ਜ਼ੁਲਮ ਵਿਰੁੱਧ ਲੜਣ ਲਈ ਖੜੇ ਨਹੀਂ ਵੀ ਹੋਏ ਤਾਂ ਵੀ ਮੁਕਾਬਲੇ ਦੀ ਤਯਾਰੀ ਜ਼ਰੂਰੀ ਸ਼ੁਰੂ ਹੋ ਗਈ ।

ਖ਼ੂਨ ਦੇ ਸੋਹਿਲੇ ਗਾਏ । ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੇ ਖ਼ੂਨ ਨੂੰ ਗਰਮਾਇਆ ਹਰ ਤਰ੍ਹਾਂ ਦੇ ਜ਼ੁਲਮ, ਜਬਰ, ਜ਼ਿਆਦਤੀ, ਬੇਈਮਾਨੀ ਦੇ ਖ਼ਿਲਾਫ਼ ਲੜਣ ਲਈ । ਡਟ ਕੇ ਮੁਕਾਬਲਾ ਕਰਨ ਦਾ ਸੰਦੇਸ਼ ਦਿੱਤਾ । ਢੰਹਿੰਦੀ ਕੌਮ ਨੂੰ ਗੁਰੂ ਜੀ ਨੇ ਮੁੜ ਸੁਰਜੀਤ ਕਰ ਦਿੱਤਾ ।

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ
ਸਰਮ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ।"

ਸਾਹਸ ਬਾਜ਼ਾਰਾਂ ਵਿੱਚ ਨਹੀਂ ਵਿਕਦਾ। ਇਹ ਮਨੁੱਖ ਦੇ ਅੰਦਰ ਉਗਮਦਾ ਹੈ। ਸਾਹਸ ਸ਼ੁੱਧ ਹਿਰਦੇ ਵਿੱਚ ਪੁੰਗਰਦਾ ਹੈ। ਅੰਦਰ ਬਲਵਾਨ ਤਦ ਹੀ ਹੋ ਸਕਦਾ ਹੈ ਜੇ ਅਸੀਂ ਚੰਗਾ ਸੋਚੀਏ, ਚੰਗਾ ਬੋਲੀਏ, ਚੰਗੇ ਕਰਮ ਕਰੀਏ। ਹਰ ਪਲ ਆਪਣਾ ਹੀ ਨਹੀਂ ਸੋਚਣਾ ਚਾਹੀਦਾ। ਜ਼ੁਲਮ ਕਿਤੇ ਵੀ ਹੋਵੇ, ਕਿਸੇ ਤੇ ਵੀ ਹੋਵੇ, ਉਸਦਾ ਡਟ ਕੇ ਮੁਕਾਬਲਾ ਕਰਨਾ ਚਾਹੀਦਾ ਹੈ। ਸਾਹਸ ਬਿਨਾਂ ਜ਼ੀਵਨ ਜੀਵਨ ਨਹੀਂ। ਸਾਹਸ ਉੱਨਤੀ ਦਾ ਰਾਹ ਹੈ। ਕਿਸੇ ਵੀ ਮੁਸ਼ਕਲ ਸਮੇਂ ਹੌਂਸਲਾ ਨਹੀਂ ਢਾਉਣਾ ਚਾਹੀਦਾ। ਚੜ੍ਹਦੀ ਕਲਾ ਜੀਵਨ ਦਾ ਉਦੇਸ਼ ਚਾਹੀਦਾ ਹੈ। ਸਾਹਸ ਪਰਾਪਤੀ ਹੈ। ਸਾਹਸ ਕਿਰਤ ਹੈ। ਦਸਾਂ ਨਹੁੰਆਂ ਦੀ ਕਮਾਈ ਸਾਡੇ ਅੰਦਰ ਮਾਨਸਕ ਬਲ ਪੈਦਾ ਕਰਦੀ ਹੈ। ਆਪਣੇ ਪੈਰਾਂ ਤੇ ਖੜੇ ਹੋਣਾ ਚਾਹੀਦਾ ਹੈ।

ਇਨਸਾਨ ਦੀ ਕਮਜ਼ੋਰੀ ਹੈ ਕਿ ਪਰਾਪਤੀ ਪਿਛੋਂ ਕੰਮ ਕਰਨਾ ਛੱਡ ਦਿਤਾ ਜਾਂਦਾ ਹੈ। ਜਦ ਲੋਕ ਮੰਨਣ ਲਗ ਪੈਣ ਤਾਂ ਆਮ ਤੌਰ ਤੇ ਹੱਥੀਂ ਕੰਮ ਕਰਨਾ ਛੱਡ ਕੇ, ਲੋਕਾਂ ਦੇ ਮੱਥੇ ਟੇਕਣ ਤੇ ਨਜ਼ਰਾਨਿਆਂ ਉਤੇ ਮਹਾਤਮਾ ਲੋਕ ਰਹਿਣਾ ਪਸੰਦ ਕਰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਜੀਵਨ ਦੀ ਕਹਾਣੀ ਇਸ ਦੇ ਉਲਟ ਹੈ।

ਸੁਲਤਾਨਪੁਰ ਤੋਂ ਨੌਕਰੀ ਛੱਡਣ ਤੋਂ ਬਾਦ ਗੁਰੂ ਜੀ ਨੇ ਅਨੇਕ ਧਾਰਮਕ ਸਥਾਨਾਂ ਦੀ ਯਾਤਰਾ ਕੀਤੀ। ਲੋਕਾਂ ਕੋਲ ਗਏ। ਲੋਕਾਂ ਨੂੰ ਸੱਚ ਦਾ ਸੁਨੇਹਾ ਦਿੱਤਾ। ਹਰ ਥਾਂ ਤੇ ਲੋਕ ਉਨ੍ਹਾਂ ਦੇ ਸਿੱਖ ਬਣੇ। ਉਦਾਸੀਆਂ ਬਾਦ ਗੁਰੂ ਜੀ ਕਰਤਾਰਪੁਰ ਰਹਿਣ ਲਗੇ। ਦੇਸ਼ ਵਿੱਚ ਉਨ੍ਹਾਂ ਦੀ ਕਾਫ਼ੀ ਸਿਖੀ ਸੇਵਕੀ ਸੀ, ਉਮਰ ਵੀ ਉਨ੍ਹਾਂ ਦੀ ਵਡੇਰੀ ਹੋ ਗਈ ਸੀ। ਧਾਰਮਕ ਵਿਅਕਤੀਆਂ ਵਾਂਗ ਉਹ ਵੀ ਬਿਨਾਂ ਕੰਮ ਕੀਤੇ ਆਰਾਮ ਦਾ ਜੀਵਨ ਬਿਤਾ ਸਕਦੇ ਸਨ। ਪਰ ਉਹ ਵਿਹਲੜ ਜੀਵਨ ਦੇ ਖ਼ਿਲਾਫ਼ ਸਨ। ਹਥੀਂ ਕੰਮ ਕਰਨ ਵਿਚ ਫ਼ਖ਼ਰ ਮਹਿਸੂਸ ਕਰਦੇ ਸਨ।

ਉਨ੍ਹਾਂ ਆਪ ਕਰਤਾਰਪੁਰ ਵਿੱਚ ਖੇਤੀ ਦਾ ਕੰਮ ਕੀਤਾ, ਹਲ ਜੋਤਿਆ, ਜ਼ਮੀਨ ਵਾਹੀ, ਬੀਜ ਬੀਜਿਆ, ਸੁਹਾਗਾ ਫੇਰਿਆ, ਹਨੇਰ ਸਵੇਰ, ਹੁਨਾਲ ਸਿਆਲੇ ਪਾਣੀ ਦਿੱਤਾ, ਫਸਲ ਵੱਢੀ, ਭਰੀਆਂ ਚੁੱਕੀਆਂ। ਗੱਲ ਕੀ, ਆਪ ਕਿਰਤ ਕੀਤੀ

ਅਤੇ ਦੂਜਿਆਂ ਨੂੰ ਹਥੀਂ ਕੰਮ ਕਰਨ ਦਾ ਆਦੇਸ਼ ਦਿੱਤਾ। ਗੁਰੂ ਜੀ ਦਾ ਵਿਚਾਰ ਸੀ ਕਿ ਕੰਮ ਨਾ ਕਰਨਾ ਸਮਾਜ ਨਾਲ ਅਨਿਆ ਹੈ। ਵਿਹਲੜਾਂ ਦੇ ਮਨ ਕਦੇ ਵੀ ਨਰੋਏ ਤੇ ਪਵਿੱਤਰ ਨਹੀਂ ਰਹਿ ਸਕਦੇ। ਕਿਰਤ ਕਰਨੀ ਤੇ ਵੰਡ ਛਕਣਾ ਉਨ੍ਹਾਂ ਦਾ ਫ਼ਲਸਫ਼ਾ ਸੀ। ਗੁਰੂ ਜੀ ਚਾਹੁੰਦੇ ਸਨ ਕਿ ਕੋਈ ਵੀ ਇਨਸਾਨ ਭੁੱਖਾ ਨਾ ਮਰੇ। ਸਮੇਂ ਦੇ ਪਰਸੰਗ ਵਿੱਚ ਇਹ ਗੱਲ ਬਹੁਤ ਹੀ ਮਹੱਤਵ-ਪੂਰਣ ਹੈ। ਜਿਹੜੇ ਕੰਮ ਨਹੀਂ ਸਨ ਕਰਦੇ, ਉਹ ਐਸ਼ ਤੇ ਆਰਾਮ ਦਾ ਜੀਵਨ ਬਿਤਾਉਂਦੇ ਸਨ ਅਤੇ ਜਿਹੜੇ ਕੰਮ ਕਰਦੇ ਸਨ, ਉਹ ਲਹੂ ਪਸੀਨਾ ਇਕ ਕਰਦੇ ਸਨ, ਭੁੱਖੇ ਰਹਿੰਦੇ ਸਨ। ਗੁਰੂ ਜੀ ਚਾਹੁੰਦੇ ਸਨ ਕਿ ਵਿਹਲਾ ਤੇ ਬਿਨਾਂ ਕੰਮ ਕੀਤੇ ਕੋਈ ਨਜ਼ਰ ਨਾ ਆਵੇ ਤੇ ਕੋਈ ਵੀ ਇਨਸਾਨ ਭੁੱਖਾ ਨਾ ਸੌਂਵੇ।

ਸਾਨੂੰ ਚਾਹੀਦਾ ਹੈ ਕਿ ਹਥੀਂ ਕੰਮ ਕਰੀਏ, ਦਸਾਂ ਨਹੁੰਆਂ ਦੀ ਕਿਰਤ ਕਰੀਏ ਤੇ ਵੰਡ ਕੇ ਛਕੀਏ। ਵਾਹਿਗੁਰੂ ਨੂੰ ਇਉਂ ਹੀ ਮਿਲ ਸਕਾਂਗੇ।

ਮੱਧਕਾਲੀਨ ਸਮੇਂ ਵਿੱਚ ਇਹ ਵਿਸ਼ਵਾਸ਼ ਪ੍ਰਚਲਤ ਸੀ ਕਿ ਵਾਹਿਗੁਰੂ ਨਾਲ ਇਕਮਿਕ ਹੋਣ ਲਈ ਤਪ ਕਰਨੇ ਚਾਹੀਦੇ ਹਨ। ਸਿੱਧੀਆਂ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ। ਤਿਆਗ ਕਰਨਾ ਚਾਹੀਦਾ ਹੈ। ਘਰ-ਬਾਰ, ਬੀਵੀ, ਬੱਚੇ, ਪਰਿਵਾਰ ਸਭ ਨੂੰ ਛੱਡਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸੋਚ ਨੂੰ ਹਲੂਣਾ ਦਿੱਤਾ।

ਇਸ ਔਖੇ ਰਾਹ ਨੂੰ ਗੁਰੂ ਜੀ ਨੇ ਬੜਾ ਹੀ ਸੌਖਾ ਬਣਾ ਦਿੱਤਾ। ਉਨ੍ਹਾਂ ਅਨੁਸਾਰ ਵਾਹਿਗੁਰੂ ਨਾਲ ਮਿਲਿਆ ਜਾ ਸਕਦਾ ਹੈ, ਬਿਨ੍ਹਾਂ ਸ਼ਰੀਰ ਨੂੰ ਕਸ਼ਟ ਦਿਤਿਆਂ, ਸਿਰ ਮੁੰਡਾਇਆਂ, ਸਨਿਆਸ ਲੀਤਿਆਂ। ਵਾਹਿਗੁਰੂ ਨਾਲ ਇਕ-ਮਿਕ ਹੋ ਸਕਦੇ ਹਾਂ, ਘਰ ਵਿੱਚ ਰਹਿੰਦਿਆਂ, ਮਾਂ-ਬਾਪ ਦੀ ਸੇਵਾ ਕਰਦਿਆਂ, ਬੀਵੀ ਬਚਿਆਂ ਨਾਲ ਪਿਆਰ ਕਰਦਿਆਂ, ਹਸੰਦਿਆਂ, ਖੇਡੰਦਿਆਂ, ਨਾਮ ਸਿਮਰਣ ਕਰਦਿਆਂ। 'ਵਾਹਿਗੁਰੂ' ਦੀ ਮੇਹਰ ਪਰਾਪਤ ਕਰ ਸਕਦੇ ਹਾਂ, 'ਗਿਰਹੀ ਮਾਂਹਿ ਉਦਾਸਾ' ਦਾ ਪਾਠ ਪੜ੍ਹਾਇਆ।

ਗੁਰੂ ਨਾਨਕ ਦੇਵ ਜੀ ਨੇ ਹਰ ਪਰਕਾਰ ਦੇ ਪਾਖੰਡ ਦਾ ਵਿਰੋਧ ਕੀਤਾ। ਜ਼ਾਤ-ਪਾਤ ਦੇ ਕਾਨੂੰਨ ਨੂੰ ਭੰਡਿਆ, ਭੇਖ ਨੂੰ ਨਿੰਦਿਆ, ਇਸਤਰੀ ਦੀ ਦੁਰਦਸ਼ਾ ਤੇ ਕਲਮ ਚਲਾਈ, 'ਗਿਰਹੀ ਮਾਹਿ ਉਦਾਸਾ' ਦਾ ਉਪਦੇਸ਼ ਦਿੱਤਾ, ਹਿੰਦੂ ਮੁਸਲਮ ਏਕਤਾ ਤੇ ਜ਼ੋਰ ਦਿੱਤਾ, ਮਾਨਵ-ਵਾਦੀ ਰੁਚੀਆਂ ਨੂੰ ਅਪਨਾਉਣ ਦੀ ਪਰੇਰਨਾ ਦਿੱਤੀ। ਲੋਕਾਂ ਵਿੱਚ ਸਾਹਸ ਪੈਦਾ ਕੀਤਾ। ਲੋਕਾਂ ਨੂੰ ਨੇੜੇ ਲਿਆਉਣ ਤੇ ਮਿਲ-ਬੈਠਣ ਦੀ ਪਰੇਰਣਾ ਦਿੱਤੀ। ਉਨ੍ਹਾਂ ਨੂੰ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛੱਕਣ ਦਾ ਉਪਦੇਸ਼ ਦਿੱਤਾ।

ਗੁਰੂ ਜੀ ਵਿਅਕਤੀ ਦੇ ਸੁਧਾਰ ਤੇ ਜ਼ੋਰ ਦੇਂਦੇ ਹਨ। ਹਰ ਕੋਈ ਕੰਮ ਕਰੇ,

ਨਾਮ ਜਪੇ, ਆਪਣੇ ਆਪ ਨੂੰ ਪਵਿੱਤਰ ਰਖੇ ਤਾਂ ਸਮਾਜ ਸੁਹਣੇਰਾ ਤੇ ਚੰਗੇਰਾ ਰੂਪ ਲੈ ਸਕਦਾ ਹੈ ।

ਗੁਰੂ ਨਾਨਕ ਦੇਵ ਜ਼ੀ ਦੇ ਜੀਵਨ, ਵਿਚਾਰਾਂ ਅਤੇ ਰਚਨਾਵਾਂ ਨੇ ਮਧਕਾਲੀਨ ਸੋਚਣੀ ਅਤੇ ਕਰਨੀ ਵਿੱਚ ਕਰਾਂਤੀ ਲਿਆਂਦੀ । ਉਨ੍ਹਾਂ ਨੇ ਤਲਵਾਰ ਨਾਲ ਨਹੀਂ, ਵਿਚਾਰ ਨਾਲ ਕਰਾਂਤੀ ਲਿਆਂਦੀ ।

੬

ਜੀਵਨ ਜੋਤ

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲ ਗੁਮਾਨੁ

❖ ❖ ❖

ਅੰਤਰਿ ਮੈਲੁ ਲੋਭ ਬਹੁ ਝੂਠੇ ਬਾਹਰਿ ਨਾਵਹੁ ਕਾਹੀ ਜੀਓ।

❖ ❖ ❖

ਅਖੀ ਸੂਤਕ ਵੇਖਣਾ ਪਰ ਤ੍ਰਿਆ ਪਰ ਧਨ ਰੂਪੁ।

❖ ❖ ❖

ਕਾਮੁ ਕ੍ਰੋਧ ਕਾਇਆ ਕਉ ਗਾਲੇ।

ਸੋ ਸੂਚਾ ਜਿ ਕਰੋਧ ਨਿਵਾਰੇ ।

ਦੁਖੁ ਦਾਰੂ ਸੁਖੁ ਰੋਗੁ ਭਇਆ ।

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ ।

ਵਸਤੁ ਪਰਾਈ ਆਪੁਨੀ ਕਰਿ ਜਾਨੈ ਹਉਮੈ ਵਿਚਿ ਦੁਖੁ ਘਾਲੇ ।

ਕਾਹੇ ਜੀਅ ਕਰਹਿ ਚਤੁਰਾਈ ਲੇਵੈ ਦੇਵੈ ਢਿਲ ਨ ਪਾਈ ।

ਕਰਿ ਅਉਗਣ ਪਛੋਤਾਵਣਾ ।

❖❖ ❖❖ ❖❖

ਮੰਦਾ ਕਿਸੇ ਨ ਆਖਿ ਝਗੜਾ ਪਾਵਣਾ ।

❖❖ ❖❖ ❖❖

ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ।

❖❖ ❖❖ ❖❖

ਖੋਜੀ ਉਪਜੈ ਬਾਦੀ ਬਿਨਸੈ ।

❖❖ ❖❖ ❖❖

ਮੰਦਾ ਚੰਗਾ ਅਪਣਾ ਆਪੇ ਹੀ ਕੀਤਾ ਪਾਵਣਾ ।

ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ।

❖ ❖ ❖

ਰੈਣਿ ਗਵਾਈ ਸੋਇਕੈ ਦਿਵਸੁ ਗਵਾਇਆ ਖਾਇ ।

❖ ❖ ❖

ਆਪੁ ਬੀਚਾਰ ਸੁ ਗਿਆਨੀ ਹੋਈ ।

❖ ❖ ❖

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰ

❖ ❖ ❖

ਨੀਚਾ ਅੰਦਰਿ ਨੀਚ ਜਾਤ ਨੀਚੀ ਹੂ ਅਤਿ ਨੀਚੁ ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ।

❖ ❖ ❖

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ।

❖ ❖ ❖

ਸਚਹੁ ਉਰੈ ਸਭ ਕੋ ਉਪਰਿ ਸਚੁ ਆਚਾਰ ।

❖ ❖ ❖

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ।

❖ ❖ ❖

ਮਨਿ ਜੀਤੈ ਜਗੁ ਜੀਤੁ ।

ਕੂੜੁ ਬੋਲਿ ਮੁਰਦਾਰ ਖਾਇ ।

❖ ❖ ❖

ਕੂੜੁ ਨਿਖੁਟੇ ਨਾਨਕਾ ਓੜਕ ਸਚਿ ਰਹੀ ।

❖ ❖ ❖

ਸੋ ਝੂਠਾ ਜੋ ਝੂਠੇ ਲਾਗੈ ਝੂਠੇ ਕਰਮ ਕਮਾਈ ।

❖ ❖ ❖

ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲ ਦਾਨੀ ।

❖ ❖ ❖

ਜੰਮਣ ਮਰਣਾ ਹੁਕਮ ਹੈ ਭਾਣੈ ਆਵੈ ਜਾਇ ।

ਹੁਕਮੇ ਆਵੇ ਹੁਕਮੇ ਜਾਇ ਆਸੈ ਪਾਛੈ ਹੁਕਮਿ ਸਮਾਇ ।

ਭੁਲਣੁ ਅੰਦਰ ਸਭੁ ਕੋ ਅਭੁਲੁ ਗੁਰੂ ਕਰਤਾਰੁ,

ਫਕੜ ਜਾਤੀ ਫਕੜ ਨਾਉ ਸਭਨਾ ਜੀਆ ਇਕਾ ਛਾਉ ।

ਕਿਸੁ ਨਾਲ ਕੀਜੈ ਦੋਸਤੀ ਸਭੁ ਜਗੁ ਚਲਣਹਾਰੁ ।

ਅਦਿ ਸਚ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।

ਸਭ ਮਹਿ ਜੋਤਿ ਜੋਤਿ ਹੈ ਸੋਇ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ।

❖ ❖ ❖

ਨਾਨਕ ਸਚਾ ਏਕੁ ਹੈ ਅਉਰੁ ਨ ਸਚਾ ਭਾਲਿ।

❖ ❖ ❖

ਧਨ ਜੋਬਨਿ ਜਗੁ ਠਗਿਆ ਲਬਿ ਲੋਭਿ ਅਹੰਕਾਰਿ।

❖ ❖ ❖

ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ।

❖ ❖ ❖

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ

ਅਗਿਆਨੀ ਮਤਿ ਹੀਣੁ ਹੈ ਗੁਰ ਬਿਨੁ ਗਿਆਨੁ ਨ ਹੋਇ ।

❖❖ ❖❖ ❖❖

ਗਰਬ ਨ ਕੀਜੇ ਨਾਨਕਾ ਮਤੁ ਸਿਰਿ ਆਵੇ ਭਾਰੁ ।

❖❖ ❖❖ ❖❖

ਲੋਕ ਅਵਗੁਣਾ ਕੀ ਬਨੈ ਗਠੜੀ ਗੁਣ ਨ ਵਿਹਾਝੇ ਕੋਇ ।

❖❖ ❖❖ ❖❖

ਤਨ ਸੂਚਾ ਸੋ ਆਖੀਐ ਜਿਸ ਮਹਿ ਸਾਚਾ ਨਾਉ ।

❖❖ ❖❖ ❖❖

ਆਪੇ ਬੀਜਿ ਆਪੇ ਹੀ ਖਾਹੁ ।

ਆਸ ਨਿਰਾਸੀ ਤਉ ਸਨਿਆਸੀ।

❖ ❖ ❖

ਆਤਮਾ ਪਰਮਾਤਮਾ ਏਕੋ ਕਰੈ, ਅੰਤਰ ਕੀ ਦੁਬਿਧਾ ਅੰਤਰਿ ਮਰੇ।

❖ ❖ ❖

ਮਨਮੁਖ ਕਉ ਆਲਸੁ ਘਣੇ ਫਾਥੇ ਉਜਾੜੀ।

❖ ❖ ❖

ਜਉ ਤਉ ਪ੍ਰੇਮ ਖੇਲਣੀ ਕਾ ਚਾਉਸਰੁ ਧਰਿ, ਤਲਿ ਗਲੀ ਮੇਰੀ ਆਉ।

❖ ❖ ❖

ਸੋ ਸੂਚਾ ਜਿ ਕਰੋਧੁ ਨਿਵਾਰੇ, ਸ਼ਬਦੇ ਬੂਝੈ ਆਪੁ ਸਵਾਰੇ।

ਬਿਨੁ ਸੇਵਾ ਫਲ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ ।

❖❖ ❖❖ ❖❖

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ।

❖❖ ❖❖ ❖❖

ਨਾਨਕ ਸਚੇ ਨਾਮ ਬਿਨੁ ਕਿਸੇ ਨ ਲਥੀ ਭੁਖ ।

❖❖ ❖❖ ❖❖

ਨਾਨਕ ਦਨੀਆ ਚਾਰਿ ਦਿਹਾੜੇ ਸੁਖ ਕੀਤੇ ਦੁਖ ਹੋਈ ।

❖❖ ❖❖ ❖❖

ਬਹੁ ਭੇਖ ਕੀਆ ਦਹੀ ਦੁਖ ਦੀਆ, ਸਹੁ ਵੇ ਜੀਆ ਆਪਣਾ ਕੀਆ ।

PUBLICATION BUREAU
PANJAB UNIVERSITY
CHANDIGARH